
BEST SELLER
ਮਿਲਾਂਗੇ ਜ਼ਰੂਰ
ਕਦੇ ਖ੍ਵਾਬਾਂ 'ਚ ਕਦੇ ਖਿਆਲਾਂ 'ਚ
ਪ੍ਰੀਤ ਕੰਵਲ

## ਮਾਹੀ ਮੈਂਡੜਾ

ਮੈਂ ਬਿਰਹਣ ਰਹੂੰ ਉਜਾੜਾਂ 'ਚ
ਗੁਲਜ਼ਾਰਾਂ ਉਹਲੇ ਵੱਸੇ ਮਾਹੀ ਮੈਂਡੜਾ
ਇਹ ਇਸ਼ਕ ਜਾਦੂ ਹੈ ਜਾਂ ਟੂਣਾ
ਅੱਜ ਤਾਈਂ ਨਾ ਸਮਝ ਆਇਆ ਪੈਂਤੜਾ

ਮੱਕਾ ਮਾਹੀ ਦਾ ਘਰ ਬਤਲਾਇਆ
ਸਰਦਲ ਉਸਦੀ ਸੀਸ ਨਿਵਾਇਆ
ਮੁੱਖ ਫ਼ਸੁਮਾਵਜਉਲ ਨੂਰ ਖ਼ੁਦਾਇਆ
ਖ਼ੁਦ ਦਾ ਖ਼ੁਦ ਹੀ ਹੈ ਵੋ ਹੈਂਕੜਾ
ਮੈਂ ਬਿਰਹਣ ਰਹੂੰ ਉਜਾੜਾਂ 'ਚ
ਗੁਲਜ਼ਾਰਾਂ ਉਹਲੇ ਵੱਸੇ ਮਾਹੀ ਮੈਂਡੜਾ

ਦੀਦਾਰ ਜਿਸਦਾ ਕਰਨ ਚਲਾ ਏ
ਮੈਂਡੜਾ ਮਾਹੀ ਕਾਲੂਬਲਾ ਏ
ਅਸਾਂ ਜਾਣਾ ਲਾਇਲਾਹਾ ਜਾਣਾ
ਉਸ ਨੂੰ ਦੇਖਣ ਮੀਲ ਸੈਂਕੜਾ
ਮੈਂ ਬਿਰਹਣ ਰਹੂੰ ਉਜਾੜਾਂ 'ਚ
ਗੁਲਜ਼ਾਰਾਂ ਉਹਲੇ ਵੱਸੇ ਮਾਹੀ ਮੈਂਡੜਾ

ਦਿਲ ਭੀਤਰ ਖਿਲਾ ਸ਼ਗੂਫ਼ਾ
ਪੀਆ ਦੀ ਹੈ ਅੱਖ ਅਜੂਬਾ
ਦੇਖੋ ਰੇ ਦੇਖੋ ਆਸ਼ਿਕ ਹੋਇਓ
ਪ੍ਰੇਤਾਂ ਦਾ ਵੀ ਪੀਰ ਦੈਂਤੜਾ
ਮੈਂ ਬਿਰਹਣ ਰਹੂੰ ਉਜਾੜਾਂ 'ਚ
ਗੁਲਜ਼ਾਰਾਂ ਉਹਲੇ ਵੱਸੇ ਮਾਹੀ ਮੈਂਡੜਾ
ਇਹ ਇਸ਼ਕ ਜਾਦੂ ਹੈ ਜਾਂ ਟੂਣਾ
ਅੱਜ ਤਾਈਂ ਨਾ ਸਮਝ ਆਇਆ ਪੈਂਤੜਾ
○

(ਬਿਰਹਣ - ਵਿਛੋੜੇ 'ਚ ਮਰਿਆ
ਮੈਂਡੜਾ - ਮੇਰਾ
ਗੁਲਜ਼ਾਰ - ਬਾਗ
ਫ਼ਸੁਮਾਵਜਓਲ - ਖੁਦਾ ਵਰਗਾ
ਹੈਕੜਾ - ਖੁਦ ਦੀ ਮਿਸਾਲ
ਕਾਲੂਬਲਾ - ਰੱਬ
ਲਾਇਲਾਹਾ - ਕੋਈ ਸ਼ੱਕ ਨਹੀਂ
ਸ਼ਗੂਫ਼ਾ - ਨਵਾਂ ਖਿੜਿਆ ਫੁੱਲ)

## ਜ਼ਹਿਮਤ

ਮਨ ਜ਼ਹਿਮਤ ਲਾਗੀ ਹਿਜ਼ਰ ਕੀ
ਤਨ ਕੀਆ ਜ਼ਖ਼ਮੀ ਮੀਤ ਨੇ
ਮਜ਼ਹਬ ਸਭ ਕਾ ਏਕ ਹੈ
ਸ਼ੋਰ ਮਚਾਇਆ ਠੰਡੀ ਸੀਤ ਨੇ
ਮਿੱਟੀ ਮੇਂ ਦਫ਼ਨਾ ਦੀਆ
ਮੇਰਾ ਜਜ਼ਬਾ ਮੇਰੇ ਅਜ਼ੀਜ਼ ਨੇ
ਜੱਗ ਮਨਵਾਨੇ ਚੱਲਿਆ ਥਾ
ਜਾਤ ਸਭ ਕੀ ਇੱਕੋ ਚੀਜ਼ ਏ
ਨਾ ਯਾਰ ਅਨਾਇਤ ਸਮਝਿਆ
ਖ਼ੂਬ ਸਮਝਾਇਆ ਮੈਂ ਢੀਠ ਨੇ
ਵਿਛੋੜ ਦੀਆ ਜੋ ਵਿਛੋੜ ਦੀਆ
ਯਾਰ ਮੁਝ ਸੇ ਜੱਗ ਕੀ ਰੀਤ ਨੇ
○

## ਗੁਜ਼ਾਰਿਸ਼

ਦਿਲਾਂ ਦੇ ਵਿੱਚ ਰੱਬਾ ਤੂੰ, ਜੇ ਇਸ਼ਕ ਦਾ ਬੀਜ ਲਾਇਆ ਏ,
ਮਿਹਰਬਾਨੀ ਤੇਰੀ ਹੰਝੂਆਂ ਦਾ, ਉਸ ਨੂੰ ਪਾਣੀ ਨਾ ਦੇਵੀਂ!
ਉਹਦੇ ਜੋ ਖ਼ਾਬਾਂ 'ਚ ਸੋਹਣਾ ਜਿਹਾ, ਕੋਈ ਘਰ ਬਣਾਇਆ ਏ,
ਗੁਜ਼ਾਰਿਸ਼ ਮੇਰੀ ਕਿ ਉਸਦੇ ਨੈਨਾਂ ਨੂੰ, ਸੁਨਾਮੀ ਨਾ ਦੇਵੀਂ!

ਜੇ ਤਾਣੀ ਇਸ਼ਕ ਦੀ ਉਲਝੇ, ਰਾਤਾਂ ਨੂੰ ਸੌਣ ਨਈ ਦਿੰਦੀ,
ਮਹਿਰਮ ਦੇ ਵਿੱਛੜਨ ਪਿੱਛੋਂ, ਕਿਸੇ ਦਾ ਹੋਣ ਨਈਂ ਦਿੰਦੀ!
ਜੇ ਉਸਦੇ ਨੈਨਾਂ ਨੂੰ ਸੁਫ਼ਨੇ ਦਿਖਾ ਕੇ, ਖੋਹਣੇ ਅੰਤਾਂ 'ਚ,
ਮੈਂ ਅਰਜ਼ਾਂ ਕਰਦਾ ਕਿ ਇਸ ਤੋਂ ਚੰਗਾ, ਤੂੰ ਹਾਣੀ ਨਾ ਦੇਵੀਂ!

ਜੋ ਗੁੰਮਿਆ ਏ ਖ਼ਿਆਲਾਂ 'ਚ, ਖ਼ਿਆਲ ਹਕੀਕਤ ਕਰਦੇ,
ਜੋ ਰੱਖਦਾ ਸੋਚ ਵਸਲਾਂ ਦੀ, ਤੂੰ ਉਸ ਨੂੰ ਅਕੀਦਤ ਕਰਦੇ!
ਮੁਹੱਬਤਾਂ ਦੇ ਗਲਾਸਾਂ 'ਚ ਜੇ, ਸ਼ਰਬਤ ਕੌੜੇ ਵਰਤਾਉਣੇ,
ਤਾਂ, ਐਵੇਂ ਕਿਸੇ ਨੂੰ ਭਰ ਕੇ ਪਹਿਲਾਂ, ਮਿੱਠੀ ਚਾਹਣੀ ਨਾ ਦੇਵੀਂ!

ਜੇ ਹੋਵੇ ਪਿਆਰ ਦਾ ਦਰਿਆ, ਕਿਸੇ ਦੇ ਸੀਨੇ 'ਚੋਂ ਵਹਿਦਾ,
ਇਹਦੇ ਵਿੱਚ ਹਰਜ਼ ਹੀ ਹੈ ਕੀ, ਜੋ ਜਾਤਾਂ ਨੂੰ ਹੈ ਜੱਬੂ ਕਹਿਦਾ!
ਜੇ ਯਾਰੋ ਸਭ ਦੇ ਘਰ ਦੀਆਂ, ਕੰਧਾਂ ਇੱਕੋ ਜਈਆਂ ਹੋਵਣ,
ਫਿਰ ਨਸਲਾਂ ਦੇ ਕਿੱਸਿਆ ਨੂੰ, ਕਦੇ ਹੋਣ ਹਾਵੀ ਨਾ ਦੇਵੀਂ!

ਅਗਰ ਕੋਈ ਕਿਸੇ ਉੱਪਰ, ਅੰਨ੍ਹਾ ਵਿਸ਼ਵਾਸ ਕਰਦਾ,
ਤੂੰ ਉਸ ਨੂੰ ਤੋੜ ਨਾ ਦੇਵੀਂ, ਸ਼ਾਇਰ ਏਹੀ ਦੁਆ ਕਰਦਾ!
ਜੇ ਸਾਹਾਂ ਤੋਂ ਵੀ ਪਹਿਲਾਂ, ਗੱਲ ਜਾ ਕੇ ਯਾਰ ਨੂੰ ਦੱਸੇ,
ਤੈਨੂੰ ਤੇਰੀ ਕਸਮ ਅੱਖ ਯਾਰ ਦੀ ਨੂੰ, ਸ਼ੈਤਾਨੀ ਨਾ ਦੇਵੀਂ!

ਹਮਦਰਦ ਬਣ ਜਾਵੀਂ, ਕਿਸੇ ਦਾ ਦਰਦ ਨਾ ਬਣਜੀਂ।
ਚਾਹੇਂ ਤਾਂ ਸਕੂਨ ਬਣ ਜਾਵੀਂ, ਕਿਸੇ ਦੀ ਤੜਪ ਨਾ ਬਣਜੀਂ।
ਕਿਸੇ ਦਾ ਕਰਦਾ ਜੇ ਕੋਈ ਪਾਕੀਜ਼ਾ ਤੇ ਸੁੱਚੇ ਦਿਲ ਤੋਂ,
ਰੱਬਾ ਅਗਲੇ ਦੇ ਦਿਲ ਅੰਦਰ ਵੀ, ਫੇ ਬੇਈਮਾਨੀ ਨਾ ਦੇਵੀਂ।

ਅਰਮਾਨਾਂ ਦੇ ਦਰਵਾਜ਼ੇ ਨੂੰ, ਭੇੜ ਕੇ ਕੁੰਡਾ ਨਾ ਲਾਵੀਂ,
ਇਥੋਂ ਤੱਕ ਚੱਲ ਕੇ ਆਏ ਆਂ, ਬੂਹੇ ਨੂੰ ਜਿੰਦਾ ਨਾ ਲਾਵੀਂ।
ਜੇ ਦੇਣਾ ਨਈਂ ਨਫ਼ਾ ਰੱਤਾ ਵੀ, ਤੂੰ ਸਾਡੇ ਅਹਿਸਾਸਾਂ ਨੂੰ,
ਤਾਂ ਫਿਰ ਸਾਡੇ ਜਜ਼ਬਾਤਾਂ ਨੂੰ ਵੀ, ਕੋਈ ਹਾਨੀ ਨਾ ਦੇਵੀਂ।

ਇਹੋ ਜੋ ਬੰਨ੍ਹ ਹੰਝੂਆਂ ਨੂੰ ਸਬਰ ਦਾ ਮਾਰਿਆ ਖੁੱਲ੍ਹ ਜੇ,
ਮਹਿਫ਼ਿਲ ਵਿੱਚ ਬੈਠਿਆਂ ਦੀ, ਕਿਸੇ ਦੀ ਅੱਖ ਜੇ ਡੁੱਲ੍ਹ ਜੇ।
ਰੱਖ ਲਈ ਲਾਜ ਤੂੰ ਉਸਦੀ, ਕਿ ਉਸਦਾ ਮਜ਼ਾਕ ਨਾ ਬਣਜੇ,
ਸਾਰੇ ਹਿਮਤ ਤੇ ਮੋਢਾ ਦੇਣ, ਤੇ ਪੀਣ ਲਈ ਪਾਣੀ ਵੀ ਦੇਵੀਂ।

## ਅਦਬਾਂ ਵਾਲੇ

ਤੁਸੀਂ ਅਦਬਾਂ ਵਾਲੇ ਹੋ ਅਸੀਂ ਅਬਦਾਂ ਵਾਲੇ ਆਂ
ਤੁਸੀਂ ਤਸਵੀਰਾਂ ਵਾਲੇ ਹੋ ਅਸੀਂ ਸ਼ਬਦਾਂ ਵਾਲੇ ਆਂ
ਤੁਸੀਂ ਲਪਟਾਂ ਵਾਲੇ ਹੋ ਅਸੀਂ ਕਪਟਾਂ ਵਾਲੇ ਆਂ
ਤੁਸੀਂ ਅਦਬਾਂ ਵਾਲੇ ਹੋ ਅਸੀਂ ਅਬਦਾਂ ਵਾਲੇ ਆਂ

ਤੁਸੀਂ ਰੰਗਾਂ ਵਾਲੇ ਹੋ ਅਸੀਂ ਚਟਾਕਾਂ ਵਾਲੇ ਆਂ
ਤੁਸੀਂ ਰੂਹ ਪਾਕਾਂ ਵਾਲੇ ਹੋ ਅਸੀਂ ਮਿਟੀ ਰਾਖਾਂ ਵਾਲੇ ਆਂ
ਤੁਸੀਂ ਭਾਗਾਂ ਵਾਲੇ ਹੋ ਅਸੀਂ ਅਭਾਗਾਂ ਵਾਲੇ ਆਂ
ਤੁਸੀਂ ਰੂਹ ਦੇ ਮਾਲਿਕ ਹੋ ਅਸੀਂ ਤਾਂ ਚਾਕਾਂ ਵਾਲੇ ਆਂ

ਤੁਸੀਂ ਤਖ਼ਤ ਮਨੱਵਰ ਵਾਲੇ ਹੋ ਅਸੀਂ ਮੁਸੱਵਹਾਂ ਵਾਲੇ ਆਂ
ਤੁਸੀਂ ਤਸੱਵਫ਼ ਵਾਲੇ ਹੋ ਅਸੀਂ ਤਸੱਵਰਾਂ ਵਾਲੇ ਆਂ
ਤੁਸੀਂ ਕਾਹਲ਼ੇ-ਕਾਹਲ਼ੇ ਹੋ ਅਸੀਂ ਤਾਂ ਸਬਰਾਂ ਵਾਲੇ ਆਂ
ਤੁਸੀਂ ਕਿੰਨੇ ਦਿਲਾਂ ਦੀ ਧੜਕਨ ਅਸੀਂ ਤਾਂ ਕਬਰਾਂ ਵਾਲੇ ਆਂ
○

# ਪਾਕ ਮੁਹੱਬਤ

ਕੀ ਹੋਇਆ ਇੱਕ ਦੂਸਰੇ ਦੇ ਹਿੱਸੇ ਨਾ ਆਏ
ਵੱਖ ਹੋ ਕੇ ਵੀ ਨਾ ਸਾਡੀ ਖਾਕ ਮੁਹੱਬਤ ਹੋਈ
ਨਾਜ਼ ਕਰੀਂ ਮੇਰੇ ਦਿਲ ਉੱਤੇ ਹੈ ਨਾਮ ਤੇਰਾ
ਫ਼ਖ਼ਰ ਹੈ ਮੈਨੂੰ ਵੀ ਤੇਰੇ ਜੋ ਨਾਲ ਮੁਹੱਬਤ ਹੋਈ

ਹੱਥ ਜੋੜ ਕੇ ਦਰ ਤੇਰੇ ਨੂੰ ਮੱਥਾ ਟੇਕਦਾ ਹਾਂ
ਤੇਰੇ ਮੁੱਖ ਉੱਤੇ ਖ਼ੁਦਾਇਆ ਨੂਰ ਦੇਖਦਾ ਹਾਂ
ਜਪਦਾ ਸੀ ਜਪਦਾ ਹਾਂ ਰਹੂ ਜਪਦਾ ਨਾਮ ਤੇਰਾ
ਹਰ ਇੱਕ ਨੂੰ ਨੀ ਹੁੰਦੀ ਇਹ ਜੋ ਪਾਕ ਮੁਹੱਬਤ ਹੋਈ
ਨਾਜ਼ ਕਰੀਂ ਮੇਰੇ ਦਿਲ ਉੱਤੇ ਹੈ ਨਾਮ ਤੇਰਾ
ਫ਼ਖ਼ਰ ਹੈ ਮੈਨੂੰ ਵੀ ਤੇਰੇ ਜੋ ਨਾਲ ਮੁਹੱਬਤ ਹੋਈ।

ਤੇਰੇ ਕਹਿਣ 'ਤੇ ਰਾਹ ਤੇਰੇ ਆਉਣੋਂ ਹੱਟਜਾਂਗੇ
ਰਾਤ ਨੂੰ ਖ਼੍ਵਾਬਾਂ ਵਿੱਚ ਪੈਰ ਪਾਉਣੋਂ ਹੱਟਜਾਂਗੇ
ਉਡੀਕ ਤੇਰੀ ਵਿੱਚ ਰੋ-ਰੋ ਮੈਂ ਜ਼ਿੰਦਗੀ ਗਾਲ਼ ਦੇਣੀ
ਤੇਰੇ ਪਾਗਲ ਸ਼ਾਇਰ ਨੂੰ ਨਹੀਂ ਆਮ ਮੁਹੱਬਤ ਹੋਈ
ਨਾਜ਼ ਕਰੀਂ ਮੇਰੇ ਦਿਲ ਉੱਤੇ ਹੈ ਨਾਮ ਤੇਰਾ
ਫ਼ਖ਼ਰ ਹੈ ਮੈਨੂੰ ਵੀ ਤੇਰੇ ਜੋ ਨਾਲ ਮੁਹੱਬਤ ਹੋਈ

ਦੱਸ ਕਿੱਦਾਂ ਤੂੰ ਭੁੱਲ ਗਿਆ ਵੇ ਪਿਆਰਾਂ ਨੂੰ
ਕਸਮਾਂ ਵਾਅਦੇ ਕੀਤੇ ਕੌਲ ਕਰਾਰਾਂ ਨੂੰ
ਦੇਖ ਤੈਨੂੰ ਮਜ਼ਹਬ ਨੇ ਸਾਡੇ ਤੋਂ ਵਿਛੋੜ ਦਿੱਤਾ
ਵਿੱਛੜ ਕੇ ਵੀ ਨਈਂ ਅਸਾਡੀ ਰਾਖ ਮੁਹੱਬਤ ਹੋਈ
ਨਾਜ਼ ਕਰੀਂ ਮੇਰੇ ਦਿਲ ਉੱਤੇ ਹੈ ਨਾਮ ਤੇਰਾ
ਫ਼ਖ਼ਰ ਹੈ ਮੈਨੂੰ ਵੀ ਤੇਰੇ ਜੋ ਨਾਲ ਮੁਹੱਬਤ ਹੋਈ।
○

## 'ਰ' ਲਿਖਿਆ

ਲੋਕਾਂ ਛਾਪੀ ਪੂਰੀ ਕਿਤਾਬ ਨਾਵਾਂ ਦੀ
ਅਸਾਂ ਮਿਟਾਕੇ ਉਹੀ ਦੁਬਾਰਾ ਲਿਖਿਆ
ਤੂੰ ਮੰਨਣਾ ਨਹੀਂ ਤੇਰਾ ਨਾਮ ਅਸੀਂ
ਇਕ ਵਾਰ ਨੀ ਵਾਰ ਹਜ਼ਾਰਾਂ ਲਿਖਿਆ
ਕਿਸੇ ਪੁੱਛਿਆ ਕਿਹੜੀ ਤਰੀਕ ਪਸੰਦ
ਮੈਂ ਖਿੜਕੇ ਚੌਦਾਂ ਬਾਰਾਂ ਲਿਖਿਆ
ਲੋਕਾਂ ਲਿਖਿਆ ਪੂਰਾ ੳ ਅ
ਮੇਰੇ ਦਿਲ ਉੱਤੇ ਬੱਸ 'ਰ' ਲਿਖਿਆ
'ਰ' - ਰਾਰਾ

ਤੂੰ ਤੁਰ ਗਿਆ ਸਾਥੋਂ ਦੂਰ ਕਿਤੇ
ਮੈਂ ਖ਼ੁਦ ਨੂੰ ਖ਼ੁਦ ਵਿਚਾਰਾ ਲਿਖਿਆ
ਤੂੰ ਲਿਖ ਲਿਆ ਖ਼ੁਦ ਨੂੰ ਚੰਦ ਕਿਤੇ
ਮੈਂ ਖ਼ੁਦ ਨੂੰ ਟੁੱਟਿਆ ਤਾਰਾ ਲਿਖਿਆ
ਤੇਰੇ ਜਾਣ ਦੇ ਭੈੜੇ ਵਿਜੋਗ ਵਿੱਚ
ਆਹ ਦੇਖ ਮੈਂ ਆਪਣਾ ਹਾੜ੍ਹਾ ਲਿਖਿਆ
ਲੈਣਾ ਖ਼ੁਦ ਨੂੰ ਲਿਖ ਤੂੰ ਸ਼ਾਦੀਸ਼ੁਦਾ
ਮੈਂ ਜ਼ਿੰਦਗੀ ਦੇ ਪੰਨੇ ਕੁਵਾਰਾ ਲਿਖਿਆ
ਲੋਕਾਂ ਲਿਖਿਆ ਪੂਰਾ ੳ ਅ
ਮੇਰੇ ਦਿਲ ਉੱਤੇ ਬੱਸ 'ਰ' ਲਿਖਿਆ

ਤੂੰ ਹੱਸ, ਵਸ, ਰਾਜ਼ੀ ਰਹਿ, ਯੁਗ-ਯੁਗ ਜੀ
ਜੋ ਕੁੱਝ ਅੰਦਰ ਲੈ ਸਾਰਾ ਲਿਖਿਆ
ਕਿੱਥੋਂ ਕਰਾਂ ਮੈਂ ਸੈਰ ਜੰਨਤ ਦੀ
ਮੇਰੀਆਂ ਲਕੀਰਾਂ ਵਿੱਚ ਉਜਾੜਾ ਲਿਖਿਆ
ਮੈਂ ਲਿਖੇ ਤੇਰੇ ਲਈ ਸੁੱਖ ਦੁਨੀਆਂ ਦੇ
ਤੂੰ ਮੇਰੇ ਹਿੱਸੇ ਨਾ ਕੋਈ ਸਹਾਰਾ ਲਿਖਿਆ
ਮੈਂ ਤੇਰੇ ਨਾਮ ਅੱਗੇ ਖ਼ੁਦਾ ਲਿਖਿਆ
ਤੂੰ ਮੇਰੇ ਅੱਗੇ ਪਾਗਲ, ਅਵਾਰਾ ਲਿਖਿਆ
ਲੋਕਾਂ ਲਿਖਿਆ ਪੂਰਾ ੳ ਅ
ਮੇਰੇ ਦਿਲ ਉੱਤੇ ਬੱਸ 'ਰ' ਲਿਖਿਆ ⭘

## ਡੁੱਲ੍ਹ-ਡੁੱਲ੍ਹ

ਸਵੇਰ ਦਾ ਡੁੱਲ੍ਹ-ਡੁੱਲ੍ਹ ਕਰਦਾ ਸੀ
ਆ ਦੇਖਲਾ ਹੰਝੂ ਡੁੱਲ੍ਹ ਹੀ ਗਿਆ
ਜੋ ਜੋ ਮਨ ਨੂੰ ਸਮਝਾਇਆ ਸੀ
ਆ ਦੇਖਲਾ ਆਖ਼ਰ ਭੁੱਲ ਹੀ ਗਿਆ।

ਐਸਾ ਆਇਆ ਯਾਦ ਦਾ ਬੁੱਲਾ
ਮਿਨਾਰ ਬੇਫ਼ਿਕਰਾ ਝੁੱਲ ਹੀ ਗਿਆ
ਅਰਸ਼ੀਂ ਬਿਠਾਕੇ ਰੱਖਿਆ ਸੀ ਦਿਲ
ਤੇਰੇ ਖ਼ਿਆਲਾਂ 'ਚ ਰੁੱਲ ਹੀ ਗਿਆ।

ਸੋਨੇ ਤੋਂ ਮਹਿਗਾ ਖ਼੍ਵਾਬ ਅਸਾਡਾ
ਸੁੱਕੇ ਪੱਤਿਆਂ ਦੇ ਮੁੱਲ ਹੀ ਗਿਆ
ਸਵੇਰ ਦਾ ਡੁੱਲ੍ਹ ਡੁੱਲ੍ਹ ਕਰਦਾ ਸੀ
ਆ ਦੇਖਲਾ ਹੰਝੂ ਡੁੱਲ੍ਹ ਹੀ ਗਿਆ

ਤੇਰੇ ਖ਼੍ਵਾਬ ਨੇ ਨੀਂਦ ਦਾ ਤੋੜਿਆ ਸੁਲ੍ਹਾ
ਮਾਰਿਆ ਸੁੱਤੇ ਦਿਲ 'ਤੇ ਟੁੱਲਾ
ਮੈਨੂੰ ਆਪਣਾ ਅਕਸ ਜਾ ਭੁੱਲਾ
ਬਲ਼ ਪਿਆ ਸੀਨੇ ਦਾ ਚੁੱਲ੍ਹਾ

ਉੱਡਦੀ ਭਾਫ਼ ਜਾ ਸਾਹ ਘੁਲਿਆ
ਜਜ਼ਬਾਤਾਂ ਨੂੰ ਬੰਨ੍ਹਿਆਂ ਸੰਗਲ ਖੁੱਲ੍ਹਿਆ
ਰੂਹ ਮਿਲਣ ਗਈ ਯਾਰ ਦੀ ਰੂਹ ਨੂੰ
ਕੋਲ ਬੈਠ ਨਮਾਜ਼ ਨਾ ਪੜ੍ਹ ਮੁੱਲਿਆ

ਹੁਣ ਕੰਮ ਨਈ ਕਰਨਾ ਪਾਠਾਂ ਨੇ
ਨਾ ਕਾਲੇ ਇਲਮਾਂ ਦੇ ਜਾਪਾਂ ਨੇ
ਸਾਨੂੰ ਫਨੀਅਰ ਮੱਥਾ ਟੇਕ ਲੰਘੇ
ਅਸੀਂ ਡੰਗੇ ਵੈਰਾਗੀ ਨਾਗਾਂ ਦੇ

ਸੋਚਿਆ ਨਈਂ ਸੀ ਫਿਰ ਵੀ ਦੇਖਲੈ
ਮਜ਼ਹਬ ਇਸ਼ਕ ਨੂੰ ਖਾ ਹੀ ਗਿਆ
ਪਾ ਹੀ ਗਿਆ ਜੋ ਪਾ ਹੀ ਗਿਆ
ਸੱਜਣ ਦੂਰੀਆਂ ਪਾ ਹੀ ਗਿਆ

ਯਾਰ ਖ਼ੁਦਾ ਦੇ ਬਾਰੇ ਸੋਚਾਂ
ਤਾਂ ਮੇਰਾ ਲੂੰ-ਲੂੰ ਠਰਦਾ ਸੀ
ਆ ਦੇਖਲੈ ਹੰਝੂ ਡੁੱਲ੍ਹ ਹੀ ਗਿਆ
ਸਵੇਰ ਦਾ ਡੱਲ੍ਹੂ ਡੁੱਲ੍ਹੂ ਕਰਦਾ ਸੀ
o

# ਮੇਰੀ ਸ਼ਹਿਜ਼ਾਦੀਏ

ਦਿਨ ਰਾਤ ਕਰਾਂ ਮੈਂ ਇਬਾਦਤ ਤੇਰੀ
ਜੋ ਕੁੱਝ ਵੀ ਕਿਹਾ ਤੂੰ ਸਭ ਮੰਨਿਆਂ
ਤੂੰ ਮੰਨ ਜਾਂ ਨਾ ਮੰਨ ਮੇਰੀ ਸਹਿਜਾਦੀਏ
ਨੀ ਅਸਾਂ ਨੇ ਤਾਂ ਤੈਨੂੰ ਰੱਬ ਮੰਨਿਆਂ

ਤੇਰੇ ਬਾਰੇ ਸੋਚਾਂ ਤਾਂ ਸਕੂਨ ਮਿਲੇ
ਤੂੰ ਮਿਲੇ ਤਾਂ ੳ ਅੱਲਾ ਰਸੂਲ ਮਿਲੇ
ਚੰਨ ਖਵਣ ਦਾ ਵੀ ਹੱਕ ਦਿੱਤਾ ਤੈਨੂੰ
ਤੇਰੇ ਘਰ ਨੂੰ ਅਸਾ ਨੇ ਹੱਜ ਮੰਨਿਆਂ
ਤੂੰ ਮੰਨ ਜਾਂ ਨਾ ਮੰਨ ਮੇਰੀ ਸ਼ਹਿਜਾਦੀਏ
ਨੀ ਅਸਾਂ ਨੇ ਤਾਂ ਤੈਨੂੰ ਰੱਬ ਮੰਨਿਆਂ

ਤੇਰੇ ਖ੍ਵਾਬਾਂ 'ਚ ਰਹਿਣਾ ਅੱਛਾ ਬੜਾ
ਘਰ ਸੱਧਰ ਸਾਡੀ ਦਾ ਕੱਚਾ ਬੜਾ
ਕਈ ਅਰਸਾਂ ਤੋਂ ਨਾਮ ਤੇਰਾ ਜਪਦੇ
ਕਿਹੜਾ ਰੱਬ ਤੈਨੂੰ ਅੱਜ ਮੰਨਿਆਂ
ਤੂੰ ਮੰਨ ਜਾਂ ਨਾ ਮੰਨ ਮੇਰੀ ਸ਼ਹਿਜਾਦੀਏ
ਨੀ ਅਸਾਂ ਨੇ ਤਾਂ ਤੈਨੂੰ ਰੱਬ ਮੰਨਿਆਂ

ਨਿਗਾਹ ਕਰਦੇ ਸਵੱਲੀ ਪਿਆਰਾਂ ਦੀ
ਸਾਡੀ ਨੀਤ ਨਹੀਂ ਏ ਵਪਾਰਾਂ ਦੀ
ਤੇਰੇ ਪ੍ਰੀਤ ਦੀ ਪ੍ਰੀਤ ਰੂਹਾਨੀ ਏ
ਜਿਸਮਾਂ ਦੀ ਨਹੀਂ ਜੋ ਜੱਗ ਮੰਨਿਆਂ
ਤੂੰ ਮੰਨ ਜਾ ਨਾ ਮੰਨ ਮੇਰੀ ਸ਼ਹਿਜਾਦੀਏ
ਨੀ ਅਸਾ ਨੇ ਤਾ ਤੈਨੂੰ ਰੱਬ ਮੰਨਿਆਂ
○

# ਤੇਰੇ ਨਾਂ ਦੇ ਅੱਖਰ

ਵੱਖ ਹੋਏ ਕੁੱਝ ਫੈਸਲੇ ਤੇਰੇ, ਕੁੱਝ ਮਜ਼ਹਬ ਦੇ ਚੱਕਰ ਵਿੱਚ
ਮੇਰੀ ਸਾਰੀ ਜਿੰਦ ਗੁਆਚੀ, ਤੇਰੇ ਨਾ ਦੇ ਅੱਖਰ ਵਿੱਚ।

ਦਾਮਨ ਮੇਰੇ ਪੀੜਾਂ ਰੋਂਦੀਆਂ, ਦੁੱਖਾਂ ਹਾਹਾਕਾਰ ਮਚਾਈ,
ਹਾਸੇ ਸਾਰੇ ਗੁੰਮ ਗਏ ਮੇਰੇ, ਤੇਰੇ ਨਾਂ ਦੇ ਅੱਖਰ ਵਿੱਚ।

ਕਿੰਨੇ ਅਰਸੇ ਸੋਚਣ ਮਗਰੋਂ, ਲਿਖੀ ਮੈਂ ਆਪਣੀ ਦਾਸਤਾਨ,
ਪੂਰੀ ਆ ਕੇ ਵਿੱਚ ਸਮਾ ਗਈ, ਤੇਰੇ ਨਾਂ ਦੇ ਅੱਖਰ ਵਿੱਚ

ਕੁੱਝ ਤਾਂ ਹੋਣਾ ਨਜ਼ਰ ਤੇਰੀ ਕੋ, ਇਲਮ ਚਿੱਟਾ ਜਾਂ ਕਾਲਾ
ਐਵੇਂ ਤਾਂ ਨਈਂ ਰੂਹ ਕੁਮਲਾਈ, ਤੇਰੇ ਨਾਂ ਦੇ ਅੱਖਰ ਵਿੱਚ।

ਦੀਵਾ ਆਸ ਦਾ ਬੁੱਝਣ ਨਾ ਦੇਵਾਂ, ਲੱਖ ਹਨੇਰੀ ਆਵੇ
ਪਾ ਪਾ ਤੇਲ ਮੈਂ ਵੱਟੀਆਂ ਲਾਵਾਂ, ਤੇਰੇ ਨਾਂ ਦੇ ਅੱਖਰ ਵਿੱਚ।

ਲੋਕ ਕੰਮਾਂ 'ਤੇ ਆਉਂਦੇ ਜਾਂਦੇ, ਮਨ ਲਾਉਣ ਨੂੰ ਪੜ੍ਹਣ ਕਿਤਾਬਾਂ
ਮੈਂ ਤਾਂ ਹਰ ਪਲ ਰੁੱਝਿਆ ਰਹਿੰਦਾ, ਤੇਰੇ ਨਾਂ ਦੇ ਅੱਖਰ ਵਿੱਚ।

ਸਭ ਫਿਦਾ ਹੋਣ ਯਾਰ ਉੱਤੇ, ਮੈਂ ਕੁਰਬਾਨ ਹੋਇਆ ਵਾ ਤੇਰੇ ਤੇ
ਮੈਂ ਤਾਂ ਆਪਣੀ ਸੁਰਤ ਟਿਕਾ ਲਈ, ਤੇਰੇ ਨਾਂ ਦੇ ਅੱਖਰ ਵਿੱਚ।

ਤੇਰਾ ਨਾਮ ਕਿਸਰਾਂ ਦੱਸਦਾਂ, ਆਲਮ ਜਹਿਰੀ ਭੈੜੇ ਨੂੰ,
ਮੇਰਾ ਸਾਰਾ ਰਹੱਸ ਜੋ ਛੁਪਿਆ, ਤੇਰੇ ਨਾਂ ਦੇ ਅੱਖਰ ਵਿੱਚ।
○

# ਮਿਲਾਂਗੇ ਜ਼ਰੂਰ-1

ਜ਼ਿੰਦਗੀ ਰਹੀ ਤਾਂ ਮਿਲਾਂਗੇ ਜ਼ਰੂਰ
ਨਾ ਵੀ ਮਿਲੇ ਤਾ ਮਰ ਕੇ ਤਾਂ ਮਿਲਾਂਗੇ
ਵਿੱਛੜੇ ਅਸੀਂ ਜਿੰਨਾਂ ਰਾਹਵਾਂ 'ਤੇ
ਜੋ ਮਿਲਣਾ ਹੋਊ ਓਥੇ ਹੀ ਮਿਲਾਂਗੇ

ਆਪਾਂ ਮਿਲ ਬੈਠਾਂਗੇ ਖੋਲ੍ਹ ਦਿਲ ਬੈਠਾਂਗੇ
ਤਾਰਿਆਂ ਦੀ ਛਾਨਣੇ ਕੁੱਝ ਪਲ ਬੈਠਾਂਗੇ
ਫੇਰ ਗੱਲਾਂ ਕਰਾਂਗੇ ਵੱਖ ਹੋਣ ਦੀਆਂ
ਕੋਈ ਦੇਖ ਨਾ ਲਵੇ ਥੋੜ੍ਹਾ-ਥੋੜ੍ਹਾ ਡਰਾਂਗੇ
ਜ਼ਿੰਦਗੀ ਰਹੀ ਤਾਂ ਮਿਲਾਂਗੇ ਜਰੂਰ
ਨਾ ਵੀ ਮਿਲੇ ਤਾਂ ਮਰ ਕੇ ਤਾਂ ਮਿਲਾਂਗੇ

ਦਿਲਾਂ 'ਚ ਦੂਰੀਆਂ ਕੀ ਸੀ ਮਜਬੂਰੀਆਂ
ਕਮੀਆਂ ਰਹਿਗੀਆਂ ਕਿੱਥੇ ਦੱਸ ਪੂਰੀਆਂ
ਅੱਖਾਂ 'ਚ ਘੂਰੀਆਂ ਮੱਥੇ ਸੀ ਤਿਊੜੀਆਂ
ਬੁੱਲ੍ਹਾਂ ਕੋਲੋਂ ਮਿਲੀਆਂ ਨਾ ਮਨਜੂਰੀਆਂ
ਹੱਥ ਛੱਡਤੇ ਗਏ ਦਿਲੋਂ ਕੱਢਤੇ ਗਏ
ਏ ਅਣਹੋਣੀਆਂ ਸਾਂਝੀਆਂ ਤਾਂ ਕਰਾਂਗੇ
ਜ਼ਿੰਦਗੀ ਰਹੀ ਤਾਂ ਮਿਲਾਂਗੇ ਜਰੂਰ
ਨਾ ਮਿਲੇ ਤਾਂ ਮਰ ਕੇ ਤਾਂ ਮਿਲਾਂਗੇ

ਕਿਵੇਂ ਦਿਨ ਗ਼ਜਰੇ ਦਪਹਿਰਾਂ ਕਿੰਝ ਕੱਢੀਆ
ਸੌਂ ਸੌਂ ਕੇ ਰਾਤਾਂ ਜਾਂ ਰੋ ਰੋ ਕੇ ਕੱਟੀਆਂ
ਸ਼ਾਹ ਮੁੱਕਦ ਗਏ ਜ਼ਖਮ ਦੁਖਦੇ ਰਹੇ
ਕੀਤੀਆਂ ਨਾ ਕਿਸੇ ਨੇ ਮਰ੍ਹਮ ਪੱਟੀਆ
ਮਕਬੂਲ ਹੋਏ ਨਾ ਕਬੂਲ ਹੋਏ ਨਾ
ਇਹ ਕੌੜਾ ਘੁੱਟ ਇਸਕੇ ਦਾ ਵੀ ਪੀਲਾਂਗੇ
ਜ਼ਿੰਦਗੀ ਰਹੀ ਤਾਂ ਮਿਲਾਂਗੇ ਜ਼ਰੂਰ
ਨਾ ਵੀ ਮਿਲੇ ਤਾਂ ਮਰ ਕੇ ਤਾਂ ਮਿਲਾਂਗੇ
ਵਿੱਛੜੇ ਅਸੀਂ ਜਿੰਨਾਂ ਰਾਹਵਾ 'ਤੇ
ਜੇ ਮਿਲਣਾ ਹੋਊ ਉੱਥੇ ਹੀ ਮਿਲਾਂਗੇ
o

# ਤੂੰ ਕਦ ਆਣਾ

ਜੀਕਣ ਦਿਹਾੜੀ ਲਾ ਕੇ ਸੂਰਜ ਤੁਰ ਜਾਂਦਾ ਏ ਕੱਲੇ-ਕੱਲੇ
ਈਕਣ ਹਾਜ਼ਰੀ ਲਵਾ ਕੇ ਦੇਖਲੈ ਚੰਨ ਤਾਰੇ ਵੀ ਪਰਤ ਚੱਲੇ
ਲਾ ਕੇ ਨੀਲੇ ਪੀਲੇ ਅੰਬਰ ਉਡਾਰੀ ਪੰਛੀ ਵੀ ਆ ਗਏ ਥੱਲੇ
ਛੱਡ ਇਹਨਾਂ ਦੀ ਦਿਲਬਰ ਮੇਰੇ ਤੂੰ ਦੱਸ ਕਦ ਆਓਣਾ ਘਰ ਵੱਲੇ

ਉਡੀਕ ਤੇਰੀ ਵਿੱਚ ਰੋਜ਼ ਹੀ ਕੁੱਖੋਂ ਆਸ ਦਾ ਕੀੜਾ ਜਣਦਾ ਏ
ਬੁਝਿਆ ਮਰਿਆ ਬਿਰਹਣ ਦਿਲ ਰਾਹਾਂ ਵਿੱਚ ਅੱਖ ਤਣਦਾ ਏ
ਮੈਂ ਆਖਾਂ ਮੈਨੂੰ ਇਸ਼ਕ ਮਾਰਿਆ, ਓ ਕਹਿਣ ਰੋਗ ਪਾਗਲਪਨ ਦਾ ਏ
ਜੇ ਜਾਣਾ ਤੇਰਾ ਬਣਦਾ ਸੀ ਤੇਰਾ ਮੁੜਣਾ ਵੀ ਤਾਂ ਬਣਦਾ ਏ

ਰੋਜ਼ ਵਾਂਗਰ ਫਿਰ ਦੇਖਲੈ ਫੁੱਲ ਸੌਂ ਕੇ ਜਾਗ ਗਏ
ਪਾਣੀ ਲਾ ਕੇ ਘਰ ਗਏ ਮਾਲੀ ਦੇਖ ਲੈ ਫਿਰ ਨੇ ਆ ਗਏ
ਠੰਡੇ ਸਵੇਰੇ ਪੱਤੀਆਂ ਉੱਤੇ ਤ੍ਰੇਲ ਨਵੇਰੀ ਪਾ ਗਏ
ਮਿਲ ਕੇ ਭੌਰੇ ਮਾਸ਼ੂਕਾਂ ਨੂੰ ਆਪੋ ਆਪਣੇ ਰਾਹ ਗਏ
ਤੂੰ ਕਦ ਮਿਲਣੈਂ ਮਹਿਰਮ ਮੇਰੇ ਵਿਛੋੜੇ ਡਾਢੇ ਖਾ ਗਏ
ਲਗਦਾ ਨਹੀਂ ਅੱਜ ਆਵੇਂਗਾ ਉੱਡ ਕੋਠੇ ਤੋਂ ਨੇ ਕਾਂ ਗਏ

ਦੇਖਿਆ ਮੈਂ ਫਿਜ਼ਾਵਾਂ ਕੱਲ੍ਹ ਪੱਛਮ ਦੇ ਵੱਲ ਤੁਰੀਆਂ ਸੀ
ਮਹਿਕਾਂ ਕਿਸੇ ਗੁਲਾਬ ਦੀਆ ਪੂਰਬ ਨੂੰ ਜਾਕੇ ਜੁੜੀਆਂ ਸੀ
ਨਾ ਹਵਾ ਰੁਕੀ ਨਾ ਮਹਿਕ ਰੁਕੀ ਵੱਟੀਆਂ ਬੜੀਆਂ ਘੂਰੀਆ ਸੀ
ਕਾਮ ਦਾ ਨਸ਼ਾ ਸੀ ਅੱਖ ਅੰਦਰ ਦੋਹਾਂ ਦੀਆਂ ਨੀਤਾ ਬੁਰੀਆਂ ਸੀ

ਕੱਲ੍ਹ ਤੋ ਦੇਖ ਲੈ ਅੱਜ ਹੋਇਆ ਉਹ ਹੁਣ ਘਰੋ-ਘਰੀਂ ਮੁੜੀਆ ਈ
ਤੂੰ ਵੀ ਚੱਲ ਹੁਣ ਪਰਤ ਆ ਚਿਹਰੇ ਆਈਆਂ ਝੁਰੜੀਆਂ ਈ
ਦੀਦ ਬਾਝੋਂ ਤਿਹਾਈਆਂ ਅੱਖਾਂ ਸਾਗਰੋਂ ਜਿਆਦਾ ਰੁੜ੍ਹੀਆ ਈ
ਦੱਸ ਤਾ ਜਾਹ ਵੇ ਸਾਨੂੰ ਵੀ ਕਿੱਥੇ ਮੁਹੱਬਤਾਂ ਥੁੜੀਆਂ ਈ

ਜੀਕਣ ਦਿਹਾੜੀ ਲਾ ਕੇ ਸੂਰਜ ਤੁਰ ਜਾਂਦਾ ਏ ਕੱਲੇ-ਕੱਲੇ
ਈਕਣ ਹਾਜ਼ਰੀ ਲਵਾ ਕੇ ਦੇਖਲੇ ਚੰਨ ਤਾਰੇ ਵੀ ਪਰਤ ਚੱਲੇ
ਲਾ ਕੇ ਨੀਲੇ ਪੀਲੇ ਅੰਬਰ ਉਡਾਰੀ ਪੰਛੀ ਵੀ ਆ ਗਏ ਥੱਲੇ
ਛੱਡ ਇਹਨਾ ਦੀ ਦਿਲਬਰ ਮੇਰੇ ਤੂੰ ਦੱਸ ਕਦ ਆਣਾ ਘਰ ਵੱਲੇ

# ਜਨਮਦਿਨ ਦਾ ਚਾਅ

ਕੋਈ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਰਾਹ ਨਹੀਂ ਸੀ
ਸ਼ਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾਅ ਨਹੀਂ ਸੀ
ਜਿਨ੍ਹਾਂ ਦੋ ਇਨਸਾਨਾਂ ਦੀ ਸਭ ਤੋਂ ਜਿਆਦਾ ਜ਼ਰੂਰਤ ਸੀ
ਉਹਨਾਂ ਦੀ ਹੀ ਮੇਰੇ ਮੋਢੇ ਉੱਤੇ ਬਾਹ ਨਹੀਂ ਸੀ
ਸਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾ ਨਹੀਂ ਸੀ

ਇੱਕ ਬਾਪੂ ਸੀ ਇੱਕ ਉਹ, ਰੱਬ ਨੇ ਦੋਵੇਂ ਲੀਤੇ ਖੋਹ
ਹੁਣ ਦੱਸੀਏ ਕਿਸ ਨੂੰ ਦੱਸੋ, ਸਾਡੇ ਨਾਲ ਹੋਈ ਜੋ ਜੋ
ਸੀ ਲਕੀਰਾਂ ਤਾਂ ਹਰ ਪਾਸੋਂ ਮਿਲੀਆਂ
ਬੱਸ ਕਿਸਮਤ ਦੀ ਹਾਂ 'ਚ ਹਾਂ ਨਹੀਂ ਸੀ
ਕੋਈ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਰਾਹ ਨਹੀਂ ਸੀ
ਸਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾ ਨਹੀਂ ਸੀ

ਜਿਸ ਦਿਨ ਲਈ ਇੰਨਾ ਚਾਅ ਕਰਦੇ ਆਂ
ਜਿਸ ਦਿਨ ਦੀ ਚਿਰਾਂ ਤੋਂ ਉਡੀਕ ਹੁੰਦੀ
ਸੱਚ ਜਾਣਿਓ ਦਿਨ ਬੜਾ ਔਖਾ ਬੀਤਦਾ
ਆਵਾਜ ਸੱਜਣ ਦੀ ਜਦ ਨਾ ਨਸੀਬ ਹੁੰਦੀ
ਅਸੀਂ ਮੁਹੱਬਤ ਤਾਂ ਬਥੇਰੀ ਕੀਤੀ ਸੀ
ਬੱਸ ਉਸਦਾ ਰੱਖਿਆ ਨਾਂ ਨਹੀਂ ਸੀ
ਕੋਈ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਰਾਹ ਨਹੀਂ ਸੀ
ਸ਼ਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾ ਨਹੀਂ ਸੀ

ਗਿਆਰਾਂ ਪੋਹ ਦੀ ਰਾਤ ਵੱਜੇ ਜਦ ਬਾਰਾਂ
ਨੈਣ ਕਮਲੇ ਤੇਰਾ ਫਨ ਰਹੇ ਉਡੀਕਦੇ
ਤੇਰਾ ਇੱਕ ਵੀ ਸੁਨੇਹਾ ਆਇਆ ਨਾ
ਦਿਲ, ਦਿਮਾਗ, ਰੂਹ, ਪੋਟਾ-ਪੋਟਾ ਰਹੇ ਚੀਕਦੇ

ਬੱਸ ਉਡੀਕਾਂ ਵਿੱਚ ਦਿਨ ਗੁਜਰ ਗਿਆ
ਘੜੀ ਦੀ ਸੂਈ ਵੱਲ ਪਾਗਲਾਂ ਵਾਂਗ ਰਹੇ ਵੇਖਦੇ
ਅਸੀਂ ਅੰਦਰੋ-ਅੰਦਰ ਮਰ ਗਏ ਸੀ
ਬੱਸ ਨਿਕਲੀ ਮੂੰਹ ਧਾਹ ਨਈ ਸੀ
ਕੋਈ ਜਿੰਦਗੀ ਵਿੱਚ ਅੱਗੇ ਵਧਣ ਦਾ ਰਾਹ ਨਹੀਂ ਸੀ
ਸ਼ਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾ ਨਹੀਂ ਸੀ

ਜਦ ਵੱਜੇ ਰਾਤ ਦੇ ਬਾਰਾਂ ਪੋਹ ਤੇਰਾਂ ਦੀ ਰਾਤ
ਅਸਾਂ ਦੁਆਵਾਂ ਲਿਖ ਨਗਮੇ ਭਜਤੇ
ਦੁਆਵਾਂ ਦਾ ਕੱਦ ਛੋਟਾ ਰਹਿ ਗਿਆ ਹੋਣਾ
ਸਾਇਦ ਉਹ ਲਫਜ ਹੋਣ ਨਾ ਤੇਰੇ ਮੇਚ ਦੇ
ਜਿੰਨਾ ਮੈਨੂੰ ਤੇਰੇ ਜਨਮ ਦਿਨ ਦਾ ਚਾ ਚੜ੍ਹਿਆ
ਉਨ੍ਹਾਂ ਮੈਨੂੰ ਮੇਰੇ ਦਾ ਚੜ੍ਹਿਆ ਚਾ ਨਹੀਂ ਸੀ
ਕਈ ਜਿੰਦਗੀ ਵਿੱਚ ਅੱਗੇ ਵਧਣ ਦਾ ਰਾਹ ਨਹੀਂ ਸੀ
ਸ਼ਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾ ਨਹੀਂ ਸੀ

ਰੱਬ ਨੂੰ ਨਹੀਂ ਮੈਂ ਮੰਨਦਾ ਤਾਂ ਵੀ
ਤੇਰੀ ਆਵਾਜ਼ ਸੁਨਣ ਲਈ ਮੱਥੇ ਰਹੇ ਟੇਕਦੇ
ਕਿਉਂ ਮਨਜੂਰ ਨਾ ਹੋਈ ਅਰਜੀ ਸਾਡੀ
ਪੁੱਛਾਂ ਜੇ ਰੱਬ ਬੈਠੇ ਸਾਡੇ ਨਾਲ ਇੱਕ ਮੇਜ 'ਤੇ

ਫਿਰ ਵੀ ਦੇਖੋ ਜੀਅ ਰਹੇ ਆਂ
ਮਰ ਗਏ ਤਾਂ ਖ਼ਬਰਾਂ ਪਹੁੰਚ ਜਾਣਗੀਆਂ
ਜਿਸ ਮਰਜੀ ਦਿਸ਼ਾ ਵਗਦੀ ਵਾ ਹੋਵੇ
ਰਾਖਾਂ ਉਸਦੇ ਜਿਸਮ ਨੂੰ ਛੂਹ ਕੇ ਜਾਣਗੀਆਂ
ਮੇਰੇ ਕਫਨ 'ਤੇ ਉਸਦਾ ਨਾਂ ਲਿਖ ਦੋ
ਜਿਸਨੂੰ ਜਿਉਂਦਿਆਂ ਮਾਸਾ ਭਾਅ ਨਹੀਂ ਸੀ
ਕੋਈ ਜਿੰਦਗੀ ਵਿੱਚ ਅੱਗੇ ਵਧਣ ਦਾ ਰਾਹ ਨਹੀਂ ਸੀ
ਸ਼ਾਇਦ ਤਾਂਹੀ ਮੈਨੂੰ ਜਨਮਦਿਨ ਦਾ ਚਾ ਨਹੀਂ ਸੀ
○

# ਊਣਾ

ਜੋ ਚਾਹੀਦਾ ਜ਼ਿੰਦਗੀ ਵਿੱਚ ਉਹ ਊਣਾ,
ਜੋ ਨਹੀਂ ਚਾਹੀਦਾ ਸਾਡੇ ਕੋਲ ਉਹ ਦੂਣਾ।
ਖ਼ੁਸ਼ੀਆਂ ਖੇਡਣ ਹਰ ਗਲੀ ਮੁਹੱਲੇ,
ਇਹਨਾਂ ਸਾਡੀ ਸਰਦਲ ਕਿੱਥ ਢੂਹਣਾ।

ਵੇਚ ਕੇ ਸਾਹ ਸੂਰਜ ਖਰੀਦੇ,
ਮੱਥ ਉੱਤੇ ਸੀ ਤਾਰੇ ਬੀਜੇ,
ਆਸ ਸੀ ਚੰਨ ਬਣ ਤਾਰਾ ਉੱਭਰੂ,
ਕਿਸਮਤ ਹੋਰ ਦਿਖਾਏ ਨਤੀਜੇ।

ਰਹਿ ਗਈਆਂ ਨਜ਼ਰਾਂ ਵਿੱਚ ਆਸ਼ਾਂ,
ਬੁਝੀਆਂ ਨਾ ਰੂਹ ਦੀਆਂ ਪਿਆਸਾਂ,
ਦੀਦ ਤੇਰੀ ਨੂੰ ਤਿਹਾਈਆਂ ਅੱਖੀਆਂ,
ਜਿੰਦ ਭੁਰਦੀ ਜਾਂਦੀ ਮਾਸਾ ਮਾਸਾ।

ਕੰਗਣੀ ਖਿਲਾਰੀ ਆਸ ਦੇ ਵਿਹੜੇ,
ਖਾਣ ਗਿਟਾਰਾਂ ਆਈਆਂ ਨਾ,
ਅਸੀਂ ਖੜ੍ਹੇ ਰਹੇ ਪੱਤਝੜ ਦੀ ਰੁੱਤੇ,
ਸਾਨੂੰ ਲੈਣ ਬਹਾਰਾਂ ਆਈਆਂ ਨਾ!

ਆਸ ਸੀ ਰਹਿ ਗਈ ਕਿਸਮਤ 'ਤੇ,
ਉਹ ਵੀ ਸਾਨੂੰ ਲਾ ਗਈ ਚੂਨਾ।
ਜੋ ਚਾਹੀਦਾ ਜ਼ਿੰਦਗੀ ਵਿੱਚ ਉਹ ਊਣਾ
ਜੋ ਨਹੀਂ ਚਾਹੀਦਾ ਸਾਡੇ ਕੋਲ ਉਹ ਦੂਣਾ।

## ਜਨਮਦਿਨ ਮੁਬਾਰਕ

ਮੇਰੇ ਸਾਗਰ ਦੇ ਕਿਨਾਰਿਆ
ਮੇਰੇ ਜੀਣ ਦੇ ਸਹਾਰਿਆ
ਸਾਡਾ ਤੋਹਫਾ ਸਵਿਕਾਰ ਲਵੀ
ਜਨਮਦਿਨ ਮਬਾਰਕ ਪਿਆਰਿਆ

ਤੇਰੇ ਵੱਲ ਨੂੰ ਹਵਾਵਾ ਭੇਜੀਆ
ਵਿੱਚ ਘੋਲ ਦੁਆਵਾਂ ਭੇਜੀਆਂ ਨੇ
ਤੂੰ ਹੱਸਦੀ ਰਹਿ ਤੂੰ ਰਾਜ਼ੀ ਰਹਿ
ਹੱਥ ਜੋੜ ਅਸਾਂ ਨੇ ਪੁਕਾਰਿਆ
ਜਨਮਦਿਨ ਮਬਾਰਕ ਪਿਆਰਿਆ

ਤੇਰਾ ਸਾਥ ਬੜਾ ਅਣਮੁੱਲਾ ਏ
ਤੇਰੀ ਅੱਖ ਦਾ ਨਿਆਰਾ ਟੌਲਾ ਏ
ਤੂੰ ਉਸ ਦੇ ਲੇਖੇ ਲੱਗ ਜਾਵੀਂ
ਜਿਸ ਸ਼ੀਸ਼ੇ ਦਾ ਮਹਿਲ ਉਸਾਰਿਆ
ਜਨਮਦਿਨ ਮੁਬਾਰਕ ਪਿਆਰਿਆ

ਹੱਸ-ਹੱਸ ਮਾਣੀਂ ਦਿਨ ਵਡਭਾਗਾ
ਪਾ ਨਾ ਬਹਿਜੀਂ ਮੇਰੀ ਯਾਦ ਸਿਆਪਾ
ਜੁਗ ਜੁਗ ਜੀਵੇਂ ਖ਼ੁਦਾ ਕਰੇ
ਮੇਰੀ ਲੱਗਜੇ ਉਮਰ ਤੈਨੂੰ ਪਿਆਰਿਆ
ਜਨਮਦਿਨ ਮੁਬਾਰਕ ਪਿਆਰਿਆ
○

# ਅਗਲੇ ਜਨਮ

ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਤੇਰੀ ਯਾਦ ਕਲ ਬਿਠਾਕੇ ਤਰਜਾਂ ਮੈਂ ਲਿਖੀਆਂ ਨੇ
ਮਿੱਠੀਆਂ ਗੱਲਾਂ ਦੇ ਮੂਹਰੇ ਰਾਹਵਾਂ ਵੀ ਫਿੱਕੀਆਂ ਨੇ
ਹੋ ਸਕੇ ਤਾਂ ਫਿਰ ਤੋਂ ਆਵੀਂ ਜ਼ਿੰਦਗੀ ਬਹਾਰ ਬਣਕੇ
ਅਗਲ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਸਾਹਾਂ ਦੀ ਤਰਦੀ ਬੇੜੀ ਲੱਗਣ ਲੱਗੀ ਕਿਨਾਰੇ
ਮੈਂ ਉਡੀਕ 'ਚ ਕਬਰ ਹੋਇਓ ਮਗਰ ਤੂੰ ਕੁੱਛ ਨਾ ਜਾਣ
ਮੈਂ ਤੇਰੇ ਕ ਆਵਾਂਗਾ ਇੱਕ ਦਿਨ ਰਾਖ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਰੂਹ ਨਾਲ ਰੂਹ ਜੇ ਮਿਲ ਜੇ ਫਿਰ ਔਕਾਤ ਦੇਖਣਾ ਕੀ
ਪਾਗਲ ਮੈਂ ਸੋਚਦਾ ਸੀ ਇਸ਼ਕ ਜਾਤ ਵੇਖਦਾ ਨਹੀਂ
ਦੁਨੀਆਂ ਨਬਜ਼ ਵੀ ਵੇਂਢੀ ਜਿਸਮਾਂ ਅੰਦਰ ਵੜ ਵੜਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਆਸਾਂ ਵਿਚਾਰੀਆਂ ਵੀ ਪਰਤ ਆਈਆਂ ਨੇ ਚੱਲ ਕੇ
ਤੈਂ ਤੁਰ ਗਿਆ ਵੇ ਕਿੱਧਰੇ ਰਹਾਂ ਤੇ ਕਾਲਖਾਂ ਮਲ ਕੇ
ਇੱਕ ਵਾਰੀ ਮਿਲ ਜਰਾ ਵੇ ਰੱਬੀ ਅਹਿਸਾਨ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਮਾਸੂਮ ਜਹੇ ਸੀ ਸੁਫਨੇ ਅੱਖੀਆਂ 'ਚ ਮਾਰਤੇ ਜੋ
ਓ ਖੱਤ ਸੀ ਪਿਆਰਾਂ ਦੇ ਅੱਗ ਲਾ ਤੂੰ ਸਾੜ ਤੇ ਜੋ
ਏ ਦਿਲ ਵੀ ਵੱਢਜਾ ਸਾਡਾ ਕੁਹਾੜ ਜਾਂ ਆਰ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਰੋਜ਼ ਉੱਠ ਕੇ ਨੈਣ ਕਮਲੇ ਬੂਹੇ 'ਚ ਜਾ ਕੇ ਬਹਿੰਦੇ
ਨੀਦਾਂ 'ਚ ਵੀ ਤਾਂ ਇਹੋ ਤੈਨੂੰ ਹੀ ਲੱਭਦੇ ਰਹਿੰਦੇ
ਸ਼ਾਇਦ ਅੱਜ ਮੁੜ ਆਵੇ ਹਵਾ ਦੁਆ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਤੇਰਾ ਨਾਂ ਮੈਂ ਰੋਜ ਤੜਕੇ ਜਪਿਆ ਹਦੀਸ ਵਾਂਗੂ
ਇਹ ਇਸ਼ਕ ਰਾਂਝੇ ਵਾਂਗਰ ਕੁਰਬਾਨੀ ਮੰਗੀ ਮਾਂਗੂ
ਮੈਂ ਉਡੀਕਾਂਗਾ ਵੇ ਤੈਨੂੰ ਮਰਕੇ ਮਜ਼ਾਰ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਸਾਨੂੰ ਮਿਲ ਗਏ ਸੁਨੇਹੇ ਆਈ ਹਵਾ ਬੇਸੁਆਦੀ
ਕਹਿੰਦੀ ਇਹ ਸਾਲ ਤੇਰੀ ਹੋਣੀ ਹੈ ਸੱਜਣਾ ਸ਼ਾਦੀ
ਉਹ ਦਿਨ ਸਵੇਰੇ ਆਊਂ ਅਖ਼ਬਾਰ 'ਚ ਲਾਸ਼ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਕੋਈ ਭਾਰ ਪਈ ਜਾਂਦਾ ਸੀਨੇ 'ਚ ਪੈਣ ਸੱਲ ਵੇ
ਮੇਰੀ ਜਿੰਦ ਮੁੱਕਦੀ ਜਾਵੇ ਕੋਈ ਤਾਂ ਕਰ ਹੱਲ ਵੇ
ਜਾ ਆਉਣੋਂ ਹੱਟ ਜਾ ਵੇ ਦਿਲ 'ਚ ਖਿਆਲ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਸਾਡੇ ਤਾਂ ਉੱਜੜੇ ਵਿਹੜੇ ਚੰਨ ਤੇ ਧਰੁਵ ਨੀ ਚੜ੍ਹਦੇ
ਪਿਆਰਾਂ ਦੇ ਸੂਰਜਾਂ ਨੂੰ ਤਾਰੇ ਵੀ ਗੱਲਾਂ ਕਰਦੇ
ਇਨ੍ਹਾਂ ਨੂੰ ਚੁੱਪ ਕਰਾਂ ਵੇ ਹੱਕ 'ਚ ਗਵਾਹੀ ਭਰਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਔਖਾ ਮੌਚਾ ਯਾਂ ਖੇਲਾਂ ਤੂੰ ਹੀ ਦਿੱਸੇਂ ਚੁਫੇਰ
ਕਾਹਦਾ ਖ਼ੁਸ਼ੀਆਂ ਤੂੰ ਰੁੱਤਾਂ ਨੇ ਵੀ ਮੁੱਖ ਫੇਰੇ
ਲੈਜਾ ਪੱਤਝੜਾਂ 'ਚ ਵਸਲਾਂ ਦੀ ਬਹਾਰ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਤੈਨੂੰ ਹੀ ਸੱਜਦਾ ਕਰਦੇ ਤੈਨੂੰ ਹੀ ਸਿਰ ਝੁਕਾਵਾਂ
ਤੈਨੂੰ ਹੀ ਰੱਬ ਹੈ ਮੰਨਿਆ ਤੈਨੂੰ ਹੀ ਰੱਜ ਧਿਆਵਾਂ
ਲੱਗ ਜਾ ਨਸੀਬ ਨੂੰ ਮੇਰੇ ਇਲਾਹੀ ਮੁਰਾਦ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਖ਼ੁਸ਼ੀ ਨੂੰ ਆਖਦੇ ਵੇ ਤੈਨੂੰ ਆ ਕੇ ਛੇੜੇ
ਉਦਾਸੀ ਨੂੰ ਵੀ ਕਹਿ ਦੇ ਕਿ ਮੈਨੂੰ ਆ ਕੇ ਘੇਰੇ
ਮੁਸ਼ਕਿਲ ਤੇਰੀ ਦੇ ਮੂਹਰੇ ਖੜ੍ਹਜਾਂ ਪਹਾੜ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਨਰਕਾਂ 'ਚੋਂ ਹੋ ਹੂ ਕੇ ਮੈਂ ਤੇਰੇ ਕੋ ਮੁੜ ਕੇ ਆਜੂੰ
ਜ਼ਿੰਦਗੀ ਜੰਨਤ ਬਣਾ ਦਊਂ ਤੂੰ ਹੱਕ ਤਾਂ ਦੇ ਅਸਾਨੂੰ
ਬੱਸ ਦੂਰੀ ਨੂੰ ਮਾਰਦੇ ਵੇ ਕੋਈ ਔਜ਼ਾਰ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਤੇਰੀਆਂ ਯਾਦਾਂ ਨਾ ਕੱਟਣੀ ਇਹ ਜ਼ਿੰਦਗੀ ਖੁਆਰੀ
ਤੇਰਿਆਂ ਖਿਆਲਾਂ ਵਿਆਹੀ ਸਾਡੀ ਏ ਰੂਹ ਕੁਆਰੀ
ਰੰਗਦੇ ਬੇਰੰਗਿਆਂ ਨੂੰ ਓਨਾਬੀ ਜਾ ਲਾਲ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਤੇਰੇ ਬਿਨਾਂ ਅਸਾਨੂੰ ਲੱਗਿਆ ਜ਼ਹਿਰ ਏ ਪਾਣੀ
ਤੇਰੇ ਬਿਨਾਂ ਰਹਿ ਜਾਣੀ ਮੇਰੀ ਅਧੂਰੀ ਕਹਾਣੀ
ਖੁਸ਼ੀਆਂ ਨੂੰ ਲੱਗਿਆ ਤੂੰ ਕਿਸਮਤ ਦੀ ਮਾਰ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਅਹਿਸਾਸ ਵਿੱਚ ਸਮਾਵੀਂ ਕੋਈ ਖ਼ੁਮਾਰ ਬਣਕੇ
ਯਾਦਾਂ ਦੇ ਵਿੱਚ ਤੂੰ ਆਵੀਂ ਪਲ ਹਜ਼ਾਰ ਬਣਕੇ
ਦਿਲ ਦਾ ਤਰਾਨਾ ਛੇੜੀਂ ਤੂੰ ਰਬਾਬ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਤੇਰੀ ਹਿਫਾਜ਼ਤ ਕਰਦੇ ਤੂੰਈਓਂ ਹੀ ਗਲ ਲਾਇਆ
ਸਾਨੂੰ ਕੰਡੇ ਜਿਆਂ ਨੂੰ ਕਿਸੇ ਹੋਰ ਨਾ ਅਪਨਾਇਆ
ਮੁੜ ਫਿਰ ਤੂੰ ਜੋੜ ਲੈ ਵੇ ਖ਼ੁਦ ਨਾਲ ਗੁਲਾਬ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਜਿਸ ਮਗਰ ਕਬਰ ਹਏ ਉਸਨੂੰ ਫਰਕ ਨਹੀ ਪੈਂਦਾ
ਇਨ੍ਹਾਂ ਨੈਣਾਂ ਦੇ ਪਿੱਛੇ ਇੱਕ ਅਲੱਗ ਸਾਗਰ ਹੈ ਵਹਿੰਦਾ
ਹੰਝੂਆਂ ਦੀ ਤਿੱਪ-ਤਿੱਪ ਨੂੰ ਵੇ ਸਿੰਜ ਲੈ ਰੁਮਾਲ ਬਣਕੇ
ਅਗਲੇ ਜਨਮ 'ਚ ਆਵੀਂ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਇੱਦਾਂ ਜਾਪੇ ਜਿਓ ਮੇਰੀ ਰੂਹ ਮੈਨੂੰ ਹੈ ਛੱਡਗੀ
ਦਿਲ ਵੀ ਧੜਕੇ ਨਾ ਹੁਣ ਨਬਜ ਵੀ ਨੀ ਕੋਈ ਚਲਦੈ
ਇਹ ਜਿਸਮ ਦਾ ਕੀ ਕਰਾਂ ਮੈਂ ਸਾੜਦੇ ਤੇਜ਼ਾਬ ਬਣਕੇ
ਅਗਲੇ ਜਨਮ 'ਚ ਆਵੀ ਮੇਰਾ ਤੂੰ ਯਾਰ ਬਣਕੇ
ਮੈਂ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ

ਜ ਰਗ ਅਸਾਂ ਨੂੰ ਲੱਗਿਆਂ ਕਰਾ ਮੈ ਕਿਵੇਂ ਜਾਹਰ
ਇਸਦਾ ਇਲਾਜ ਕਰਨਾ ਤਬੀਬਾਂ ਦ ਵੱਸ ਬਾਹਰ
ਠੀਕ ਕਰ ਤੂੰ ਇਹ ਮਰਜਾਂ ਖੁਦਾ ਵੂਦਾ ਬਣਕੇ
ਅਗਲੇ ਜਨਮ 'ਚ ਆਵੀ ਮੇਰਾ ਤੂੰ ਯਾਰ ਬਣਕੇ
ਮੈ ਵੀ ਮਿਲਾਂਗਾ ਤੈਨੂੰ ਤੇਰੀ ਹੀ ਜਾਤ 'ਚ ਜੰਮਕੇ
○

# ਬੇਚੈਨ ਜਿਹੀ ਜ਼ਿੰਦਗੀ

ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏ ਤੂੰ
ਜਿਵੇਂ ਖੰਡ ਘੁਲ ਜਾਵੇ ਪਾਣੀ ਵਿੱਚ
ਮੇਰੇ ਸਾਹ ਵਿੱਚ ਘੁਲ ਗਈ ਤੂੰ
ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏ ਤੂੰ

ਮੈਂ ਕਰਦਾ ਰਹਾਂਗਾ ਪਿਆਰ ਤੈਨੂੰ ਤੂੰ ਨਾਲ ਰਹੇ ਯਾ ਨਾ
ਉਹ ਰਾਹ 'ਤੇ ਫੁੱਲ ਖਿੱਲ ਪੈਂਦੇ ਨੇ ਤੇਰੇ ਪੈਰ ਛੂਹਣ ਜੋ ਥਾਂ
ਇੰਨਾ ਇਸ਼ਕ ਹੈ ਥੋੜੇ ਨਾਲ ਸੱਜਣ ਜੀ ਘੱਟ ਪੈ ਜਾਣੇ ਖੂਹ
ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏ ਤੂੰ

ਤੈਨੂੰ ਦੇਖ-ਦੇਖ ਮੈਂ ਜੀ ਲਾਗਾ ਨਈਂ ਨਜ਼ਰ ਨਮੋਸ਼ੀ 'ਚ
ਦੁਨੀਆਂ ਤਾਂ ਪਾਗਲ ਹੋਈ ਫਿਰਦੀ ਜਿਸਮਫਰੋਸ਼ੀ 'ਚ
ਦੁਨੀਆਂ ਦੇ ਖ਼ੁਦਾਵਾਂ ਨਾਲੋਂ ਸੱਜਣਾ ਪਾਕ ਹੈ ਤੇਰੀ ਰੂਹ
ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏ ਤੂੰ

ਤੇਰੇ ਹੱਥਾਂ ਵਿੱਚ ਕਲੀਰੇ ਤੇ ਸਿਰ ਕਲਗੀ ਲਾਉਣੀ ਮੈਂ
ਜਿਸ ਰੰਗ ਦਾ ਲਹਿੰਗਾ ਪਾਵੇਂਗੀ ਉਹ ਪੱਗ ਬੰਨ ਆਉਣੀ ਮੈਂ
ਜੰਞ ਆਉਣੀ ਡੇਹਰੀਵਾਲ ਪਿੰਡ ਗੁਰੂਆਂ ਦੀ ਨਗਰੀ ਤ
ਜੰਞ ਆਉਣੀ ਡੇਹਰੀਵਾਲ ਤੇਰੇ ਪਿੰਡ ਅੰਮ੍ਰਿਤਸਰ ਤੋਂ
ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏ ਤੂੰ

ਬੇਕਾਰ ਜਿਹੀ ਜ਼ਿੰਦਗੀ ਮੇਰੀ 'ਚ ਬਹਾਰ ਤੂੰ ਬਣ ਗਈ ਏ
ਪ੍ਰੀਤ ਕੰਵਲ ਦੇ ਮੁੱਖੜੇ ਦਾ ਜਮਾਲ ਤੂੰ ਬਣ ਗਈ ਏਂ
ਮੈਂ ਹੋਰ ਕੀ ਮੰਗਣਾ ਰੱਬ ਕੋਲੋਂ ਤੂੰ ਮਿਲ ਜਾਏਂ ਜੇ ਮੈਨੂੰ
ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏ ਤੂੰ

ਤੂੰ ਸੌਂ ਜਾਵੇਂ ਤਾਂ ਦਿਲ ਮੇਰਾ ਤੇਰੀ ਯਾਦ ਕੋ ਜਾ ਬਹਿੰਦਾ
ਸਹਿ ਲਊਂ ਤੇਰੀਆਂ ਝਿੜਕਾਂ ਤੈਥੋਂ ਦੂਰੀ ਨਈ ਸਹਿੰਦਾ
ਮੇਰੀ ਇਸਕ ਕਹਾਣੀ ਪਤਾ ਸੂਰਜ, ਤਾਰਿਆਂ ਤੇ ਚੰਨ ਨੂੰ
ਬੇਚੈਨ ਜਿਹੀ ਜ਼ਿੰਦਗੀ ਮੇਰੀ 'ਚ ਸਕੂਨ ਜਿਹੀ ਏਂ ਤੂੰ
○

## 100 ਸੂਰਜ

100 ਸੂਰਜ ਚਲ ਕੇ ਆਇਆ
ਰੀਝਾਂ ਸੁਫਨੇ ਰੰਗ ਕੇ ਆਇਆ।

ਤੇਰੀ ਇੱਕ ਝਲਕ ਦੇ ਖਾਤਰ,
ਕਿੰਨੇ ਹੀ ਚੰਨ ਲੰਘ ਕੇ ਆਇਆ

ਜ਼ੁਲਫਾਂ ਦੀ ਚੱਲ ਛਾਂ ਤਾਂ ਕਰਦੇ
ਸਿਖਰ ਦੁਪਹਿਰੇ ਹੰਭ ਕੇ ਆਇਆ।

ਨਿੱਘ ਦਾ ਕਰ ਪਰਬੰਧ ਕਿਤੇ
ਠੰਡੀਆਂ ਠੰਡਾਂ ਕੰਬ ਕੇ ਆਇਆ।

ਮੁਸਕੁਰਾ ਕਰ ਚਾਨਣ ਚੰਨਿਆਂ,
ਹਨੇਰਿਆਂ ਮੂਹਰੇ ਖੰਗ ਕੇ ਆਇਆ।

ਤੇਰੇ ਇੱਤਰਾਂ ਬਾਰੇ ਦੱਸ ਕੇ,
ਆਕੜ ਫੁੱਲਾਂ ਦੀ ਭੰਨ ਕੇ ਆਇਆ।

ਤੇਰਾ ਨਾਂ ਲੈ ਪੁਕਾਰਦੇ ਨੇ ਜੋ,
ਉਹਨਾਂ ਮੂਹਰੇ ਸੰਘ ਕੇ ਆਇਆ।

ਮੰਦਿਰ ਮਸਜਿਦ ਹਰ ਕਿਤੇ,
ਤਸਵੀਰਾਂ ਤੇਰੀਆਂ ਟੰਗ ਕੇ ਆਇਆ।

ਤੇਰੇ ਵਿੱਚ ਖੁਦਾ ਹੈ ਮੇਰਾ,
ਮੈਂ ਮੂਰਤੀ ਸ਼ਿਵ ਦੀ ਭੰਨ ਕੇ ਆਇਆ

100 ਸੂਰਜ ਚੱਲ ਕੇ ਆਇਆ,
ਰੀਝਾਂ ਸੁਫਨੇ ਰੰਗ ਕੇ ਆਇਆ।
○

## ਕੌਣ ਹੈ

ਸਦੀਆ ਪਿੱਛੋਂ ਖ਼ੁਸੀਆਂ ਨੇ ਅੱਜ ਘੇਰਾ ਪਾਇਆ ਏ,
ਕੌਣ ਹੈ ਜਿਸਨੇ ਦਿਲ ਮੇਰ ਵਿੱਚ ਫੇਰਾ ਪਾਇਆ ਏ?

ਖੌਰੇ ਦਿਲ ਦੀ ਕਬਰ 'ਤੇ ਕੌਣ ਲੜੀਆਂ ਲਾ ਗਿਆ ਏ
ਮਿਲਣ ਦਾ ਵਕਤ ਦੱਸਿਆ ਨਈਂ ਉਂਝ ਘੜੀਆ ਲਾ ਗਿਅ
ਸ਼ਮਸਾਨ ਦਾ ਵਿਹੜਾ ਫਿਰ ਤੋਂ ਜਿਸ ਆ ਰੁਸਨਾਇਆ ਏ
ਕੌਣ ਹੈ ਜਿਸਨੇ ਦਿਲ ਮੇਰੇ ਵਿੱਚ ਫੇਰਾ ਪਾਇਆ ਏ?

ਰੇਸ਼ਮੀ ਜ਼ੁਲਫਾਂ ਦੇ ਨਾਲ ਸਾਰੀਆਂ ਪੀੜਾਂ ਹੂੰਝ ਗਈ,
ਜ਼ਖ਼ਮਾਂ ਦਾ ਰਿਸਦਾ ਪਾਣੀ ਚੁੰਨਰੀ ਨਾਲ ਪੂੰਝ ਗਈ,
ਡੁੱਬਦੀ ਬੇੜੀ ਨੂੰ ਕਿਸ ਨ ਕਿਨਾਰਾ ਦਿਖਲਾਇਆ ਏ,
ਕੌਣ ਹੈ ਜਿਸਨੇਂ ਦਿਲ ਮੇਰੇ ਵਿੱਚ ਫੇਰਾ ਪਾਇਆ ਏ?

ਨੈਣ ਨਕਸ਼ ਵੀ ਨਾ ਦਿਸੇ ਖਿਆਲਾਂ ਵਿੱਚ ਆਈ ਦੇ
ਮੁੱਖ 'ਤੇ ਉਹਦੇ ਪਰਦਾ ਸੀ ਧੁੱਪਾਂ ਦੀ ਜਾਈ ਦੇ,
ਦੇਖਿਆ ਨਹੀਂ ਫਿਰ ਵੀ ਪੱਟਾ-ਪੱਟਾ ਮੁਸਕਾਇਆ ਏ,
ਕੌਣ ਹੈ ਜਿਸਨੇ ਦਿਲ ਮੇਰੇ ਵਿੱਚ ਫੇਰਾ ਪਾਇਆ ਏ?

ਕਲਮ ਦਾ ਟੁੱਟਿਆ ਘੜਾ ਮੇਰਾ ਆਣ ਜੋੜਿਆ ਏ
ਗ਼ਮੇ ਮੇਰ ਜਜ਼ਬਾਤਾਂ ਨੂੰ ਇੱਕਸਾਰ ਮੋੜਿਆ ਏ
ਅੰਦਰਲਾ ਮਰਿਆ ਸ਼ਾਇਰ ਜਿਸਨੇ ਆ ਜਗਾਇਆ ਏ,
ਕੌਣ ਹੈ ਜਿਸਨੇ ਦਿਲ ਮੇਰੇ ਵਿੱਚ ਫੇਰਾ ਪਾਇਆ ਏ?

o

## ਕਿੱਦਾਂ ਰਹਿਣਾ

ਮਜ਼ਬੂਰੀ ਖ਼ਾਤਰ ਪਿਆਰਿਆ
ਛੱਡ ਜਾਂਦਾ ਜਦ ਕੋਈ ਹਾਣ ਦਾ ਏ
ਕਿੱਦਾਂ ਰਹਿਣਾ ਕਿੱਥੇ ਰਹਿਣਾ
ਦਿਲ ਤੇਰਾ ਸਭ ਜਾਣਦਾ ਏ

ਲੰਘਦਾ ਕੋਈ ਸੌਖਾ ਪਲ ਨਹੀਂ
ਹੋ ਰੱਬ ਵੀ ਤੇਰੇ ਵੱਲ ਨਹੀਂ
ਆਪਣਾ ਆਪ ਮਿਟਾਈਏ ਨਾ
ਖ਼ੁਦਕੁਸ਼ੀ ਮਸਲੇ ਦਾ ਹੱਲ ਨਹੀਂ
ਸੁੱਖਾਂ ਦੀ ਪੌਣ ਵੀ ਵਗ ਜਾਏਗੀ
ਕੀ ਹੋਇਆ ਮੌਸਮ ਹਾੜ੍ਹ ਦਾ ਏ।
ਕਿੱਦਾ ਰਹਿਣਾ ਕਿੱਥੇ ਰਹਿਣਾ
ਦਿਲ ਤੇਰਾ ਸਭ ਜਾਣਦਾ ਏ

ਜੇ ਯਾਦਾਂ ਪਾਇਆ ਘੇਰਾ ਏ
ਅੱਖਾ ਵਿੱਚ ਇੱਕੋ ਚਿਹਰਾ ਏ
ਜ਼ਮੀਨ 'ਤੇ ਨਹੀਂ ਮਿਲ ਸਕਿਆ ਤਾਂ ਕੀ
ਅੰਬਰ ਤਾ ਸਾਰਾ ਤੇਰਾ ਏ
ਰੂਹਾ ਦਾ ਰੂਹਾਨੀ ਮੇਲ ਹੁੰਦਾ
ਨਾ ਇਸ਼ਕ ਜਿਸਮਾਂ ਮਾਣਦਾ ਏ
ਕਿੱਦਾਂ ਰਹਿਣਾ ਕਿੱਥੇ ਰਹਿਣਾ
ਦਿਲ ਤੇਰਾ ਸਭ ਜਾਣਦਾ ਏ

ਬੇਚੈਨੀ ਜੇਕਰ ਹਵ ਉਸਨੂੰ
ਤਾਘ ਦਿਲ ਵਿੱਚ ਹਵੇ ਮਿਲਣ ਦੀ
ਧੁੱਪਾਂ ਖਦ ਨਜਦੀਕ ਆਉਦੀਆਂ
ਫਲ ਦੀ ਗੋਭ ਹਵ ਜੇ ਖਿਲਣੇ ਦੀ
ਉਹ ਕਾਤਲ ਹੁੰਦਾ ਪਿਆਰਾਂ ਦਾ
ਜੋ ਤੁਲ ਫੁਲਾਂ ਚੋਂ ਛਾਣਦਾ ਏ
ਕਿੱਦਾਂ ਰਹਿਣਾ ਕਿੱਥ ਰਹਿਣਾ
ਦਿਲ ਤੇਰਾ ਸਭ ਜਾਣਦਾ ਏ

○

## ਸੀਰਤਾਂ ਵਿਕੀਆਂ

ਸੀਰਤਾ ਵਿਕੀਆਂ ਇਸਕ ਦੀ ਨਗਰੀ
ਤੇਰੇ ਸ਼ਹਿਰ ਸਹਣੀਆਂ ਸੂਰਤਾ ਵਿਕੀਆ
ਮੁੱਲ ਪਿਆ ਨਾ ਪਾਕ ਮੁਹੱਬਤਾ ਦਾ
ਰੱਬ ਦੀਆਂ ਝੂਠੀਆਂ ਮੂਰਤਾਂ ਵਿਕੀਆਂ

ਦਿਲ ਵੀ ਵਿਕੇ ਦਿਲਦਾਰੀਆਂ ਵਿਕੀਆਂ
ਨਕਲੀ ਯਾਰਾਂ ਦੀਆਂ ਯਾਰੀਆਂ ਵਿਕੀਆਂ
ਅੱਖਾਂ ਕੱਜਲੇ ਦੀਆ ਧਾਰੀਆਂ ਵਿਕੀਆਂ
ਜਿਸਮਾਂ ਦੀ ਮੰਡੀ ਕੁਵਾਰੀਆਂ ਵਿਕੀਆਂ

ਮੁੰਦੀਆਂ, ਛੱਲੇ, ਬਨਾਵਟੀ ਮਣਕਾਂ ਵਿਕੀਆ
ਗੱਭਰੂ ਜਵਾਨਾਂ ਦੀਆ ਅਣਖਾਂ ਵਿਕੀਆਂ
ਕਿਆ ਖੂਬ ਵਿਕੇ ਗੁਲਾਬ ਗੁਲਾਬੀ
ਨਾ ਕਿਸਾਨ ਦੀਆਂ ਸੁਨਹਿਰੀ ਕਣਕਾਂ ਵਿਕੀਆਂ

ਵਿਕੇ ਪਰਿੰਦੇ ਤੇ ਮੋਰਨੀਆਂ ਵਿਕੀਆਂ
ਵਿਕੇ ਚੀਰੇ ਤੇ ਡੋਰਨੀਆਂ ਵਿਕੀਆਂ
ਵਿਕ ਗਈਆਂ ਮਜਾਰਾ ਦੀਆ ਚਾਦਰਾਂ
ਨਾ ਗਰੀਬ ਵਿਚਾਰੇ ਦੀਆਂ ਬੇਰੀਆਂ ਵਿਕੀਆ।
○

## ਹੰਝੂ ਦਾ ਖ਼ਤ

ਜ਼ੁਬਾਨ ਬੇਸ਼ੱਕ ਮੇਰੇ ਹੁਕਮ ਦੇ ਪੱਖ 'ਚ ਸੀ,
ਪਰ ਤੇਰੀ ਗੱਲ ਦਾ ਜਵਾਬ ਮੇਰੀ ਅੱਖ 'ਚ ਸੀ

ਤੂੰ ਕਹਿਨਾ ਵੱਖ ਹੋਣਾ ਖ਼ੁਦਾ ਦੀ ਮਰਜ਼ੀ ਹੈ
ਮੈਂ ਕਹਿਨਾ ਕਿ ਸਭ ਕੁੱਝ ਤੇਰੇ ਹੱਥ 'ਚ ਸੀ।

ਜਾਣ ਲੱਗੇ ਤੈਨੂੰ ਗਲ ਨਾਲ ਲਾਕੇ ਤੋਰਨਾ ਸੀ
ਪਰ ਕੀ ਕਰਦਾ ਗੁੱਸਾ ਜੋ ਮੇਰੇ ਨੱਕ 'ਚ ਸੀ।

ਦਿਲ ਆਇਆ ਤਾਂ ਸੱਪਾਂ ਵਰਗੇ ਦਿਲਬਰ 'ਤੇ,
ਅਸਲੀ ਰੂਪ ਤਾਂ ਛੁਪਿਆ ਉਸਦੇ ਕੱਖ 'ਚ ਸੀ।

ਤੂੰ ਬੱਸ ਚੰਨ ਦਾ ਸਾਨੀ ਬਣਿਆ ਆਲਮ 'ਤੇ,
ਤਾਰਿਆ ਵਰਗਾ ਮੈਂ ਖੜ੍ਹਾ ਪਰ ਲੱਖ 'ਚ ਸੀ।

ਤੇਰੀ ਮੁਹੱਬਤ ਸਾਹਾਂ ਵਾਂਗਰ ਮੁੱਕ ਗਈ,
ਮੇਰੀ ਮਹੱਬਤ ਰੂਹ ਮੇਰੀ ਦੇ ਰੱਤ 'ਚ ਸੀ।

ਅਸੀਂ ਹੰਝੂ ਡੋਲ੍ਹ ਮੁਕਾਕੇ ਛਾਪੇ ਕਾਗਜ਼ 'ਤੇ
ਉਸ ਖੋਲ੍ਹਿਆ ਖਾਲੀ ਜਾਣ ਪਰ੍ਹਾਂ ਨੂੰ ਸੁੱਟ ਦਿੱਤਾ।

ਅਸਾਂ ਸੂਰਜ ਥੱਲੇ ਬੈਠ ਵਹਾਈਆਂ ਅੱਖਾਂ ਸੀ
ਉਹ ਕੀ ਜਾਨਣ ਪਿਆਰ ਤਾਂ ਓਸੇ ਖ਼ਤ 'ਚ ਸੀ

ਸਾਹ ਵੀ ਨਿਕਲਿਆ ਬੂਹੇ ਵਿੱਚ ਬੈਠਿਆਂ ਦਾ,
ਨਜ਼ਰਾਂ ਸਾਡੀਆਂ ਹਲੇ ਵੀ ਤੇਰੀ ਤੱਕ 'ਚ ਸੀ

ਜੋ ਜਿਉਂਦਿਆਂ ਭੁੱਲੇ ਉਹਨਾਂ ਹੁਣ ਕੀ ਯਾਦ ਕਰਨਾ
ਪਰ ਜਾਂਦੀ ਵਾਰ ਤਸਵੀਰ ਤੇਰੀ ਮੇਰੇ ਹੱਥ 'ਚ ਸੀ
ਆਖਰੀ ਸਾਹ ਤਸਵੀਰ ਤੇਰੀ ਮੇਰੇ ਹੱਥ 'ਚ ਸੀ।
○

## ਕਿੱਥੇ ਆ

ਆਖੇ ਰਾਤ ਨੂੰ ਦੱਸ ਤੂੰ ਸੌਂਦਾ ਕਿੱਥੇ ਆ?
ਮੈਹਾ ਰਾਤ ਨੂੰ ਦੱਸ ਮੈਂ ਸੌਂਦਾ ਹੀ ਕਿੱਥੇ ਆ?

ਅੱਖਾਂ ਵਹੌਣ ਤ ਵਿਹਲ ਨਈਂ ਤੈਨੂੰ
ਇੱਦਾ ਨਾ ਕਹਿ। ਤੇਰੇ ਮੂਹਰੇ ਰੋਂਦਾ ਕਿੱਥੇ ਆ?

ਜਿਸ ਦੇ ਨਾਮ ਅੱਗੋਂ ਜ਼ਿੰਦਗੀ ਲਿਖਿਆ
ਉਹ ਮੇਰੇ ਨਾਮ ਨਾਲ ਦਿਲ ਵੋਂਦਾ ਕਿੱਥੇ ਆ?

ਜਿਸ ਦੀ ਯਾਦ 'ਚ ਅੱਖ ਦੀ ਨੀਂਦ ਗੁਮੀ
ਉਹਨੂੰ ਚੇਤਾ ਸਾਡਾ ਸਤਾਉਂਦਾ ਕਿੱਥੇ ਆ?

ਮੈਂ ਅਨਪੜ੍ਹ ਨੇ ਸਿੱਖਣੀ ਬੋਲੀ ਉਹਦੀ
ਦੱਸਿਓ ਜਰਾ ਉਹ ਪੜ੍ਹਾਉਂਦਾ ਕਿੱਥੇ ਆ?

ਜਿਦੇ ਮੁੜਨ ਦੀ ਆਸ 'ਚ ਕਬਰ ਹੋਇਓਂ
ਉਹ ਕਬਰ ਮੇਰੀ 'ਤੇ ਆਉਂਦਾ ਕਿੱਥੇ ਆ?

ਇਸਕ ਦਾ ਜ਼ਖ਼ਮ ਛਿੱਲ ਗਏ ਨੇ ਜੋ
ਦੱਸਿਓ ਮਲ੍ਹਮਾਂ ਉਹ ਲਾਉਂਦਾ ਕਿੱਥੇ ਆ?

ਪਾਣੀ ਬਣਕੇ ਪੋਟਾ-ਪੋਟਾ ਨੁੱਚੜਿਆ
ਉਹਦੀ ਅੱਖ 'ਚੋਂ ਹੰਝੂ ਚੋਂਦਾ ਕਿੱਥੇ ਆ?

ਮੇਰਾ ਨਾਮ ਹੈ ਸਭ ਦੇ ਦਿਲ ਦੀ ਰੌਣਕ
ਜ ਰੋਜ਼ ਰੋਜ ਸੀ ਮੈਨੂੰ ਹਸੌਂਦਾ ਕਿੱਥ ਆ?

ਓਹਦੇ ਲਈ ਮੇਰਾ ਤੈਅ ਹੈ ਮਰਣਾ
ਉਹ ਮੇਰੇ ਲਈ ਹੁਣ ਜਿਉਂਦਾ ਕਿੱਥੇ ਆ?

ਉਸਨੇ ਠੁਕਰਾਇਆ ਨੀਵੀਂ ਜਾਤ ਕਰਕ
ਇਹ ਜਾਤ ਦਾ ਠੱਪਾ ਰੱਬ ਲੌਂਦਾ ਕਿੱਥ ਆ?

ਮੈਂ ਕਿਹਾ ਜਿੱਤ ਲਵਾਂਗੇ ਜੰਗ ਇਸ਼ਕੇ ਦੀ
ਕਹਿੰਦੇ ਹਰ ਕੋਈ ਲੇਖ ਹਰੌਂਦਾ ਕਿੱਥੇ ਆ?

ਮੈਂ ਕਿਹਾ ਛੱਡ ਖ਼ਲਕਤ ਦੇ ਕੈਦੇ ਕਾਨੂੰਨ
ਚੱਲ ਤੁਰ ਚੱਲੀਏ ਦੂਰ ਕਿਤੇ
ਕਹਿੰਦੇ ਇੰਨਾ ਤੈਨੂੰ ਮੈਂ ਚੌਂਦਾ ਕਿੱਥ ਆ?

ਮੈਂ ਮਰਕੇ ਉਸਦੀ ਜਾਤ 'ਚ ਜੰਮਣਾ
ਕੋਈ ਮਰਨੇਂ ਬਾਦ ਵਾਪਿਸ ਆਉਂਦਾ ਕਿੱਥੇ ਆ'
o

## ਤੂੰ ਕਹਿ ਤਾਂ

ਤੂੰ ਕਹਿ ਤਾਂ ਸਹੀ ਸੂਲੀ ਚੜ੍ਹ ਜਾਨਾ ਵਾ
ਕਫ਼ਨ ਤਾਂ ਲੈ ਕੇ ਆ ਮੈਂ ਮਰ ਜਾਨਾ ਵਾ

ਮੇਰ ਸਿਵੇ ਦੁਆਲੇ ਰੱਖਿਓ ਗਿੱਲੀ ਮਿੱਟੀ,
ਤੁਹਾਨੂੰ ਲੱਗ ਜੁ ਪਤਾ ਕਿੱਧਰ ਜਾਨਾ ਵਾ

100 ਸੂਰਜਾਂ ਨਾਲ ਮੱਥ ਲਾ ਸਕਦਾ ਵਾਂ,
ਅੱਲ੍ਹੜ ਅੱਖ ਮਿਲਾਵੇ ਤਾਂ ਡਰ ਜਾਨਾ ਵਾਂ।

ਘਰ ਤੋਂ ਕੰਮ 'ਤੇ ਕੰਮ ਤੋਂ ਘਰ
ਰਸਤੇ ਵਿੱਚ ਰੁਕਣਾ ਪਸੰਦ ਨੀ ਮੈਨੂੰ,
ਜੇ ਤੂੰ ਆਖੇਂ ਚੱਲ ਖੜ੍ਹ ਜਾਨਾ ਵਾਂ!

ਓਦਾਂ ਮੈਨੂੰ ਢੂੰ ਵੀ ਕਿਸੇ ਦੀ ਪਸੰਦ ਨਹੀਂ,
ਪਰ ਮੈਂ ਝਿੜਕ ਕਿਸੇ ਦੀ ਜਰ ਜਾਨਾ ਵਾਂ!

ਮੇਰੀ ਇਲਮਾਂ ਨਾਲ ਨਈਂ ਬਣਦੀ ਬਹੁਤੀ,
ਤੇਰੀ ਯਾਦ ਆਵੇ ਕਿੰਨੇ ਵਰਕੇ ਇਕੋਸਾਰ ਪੜ੍ਹ ਜਾਨਾ ਵਾਂ।

ਜ਼ਮੀਨ 'ਤੇ ਨਹੀਂ ਮਿਲਣਾ ਤਾਂ ਦੱਸਦੇ,
ਮੈਂ ਪਾਤਾਲ ਦੀ ਪੌੜੀ ਚੜ੍ਹ ਜਾਨਾ ਵਾਂ।

ਵੈਸੇ ਅੱਖ ਕੋਈ ਮੈਨੂੰ ਉਡੀਕਦੀ ਨਹੀਂ,
ਫਿਰ ਵੀ ਚੰਗਾ ਮੈਂ ਹੁਣ ਘਰ ਜਾਨਾ ਵਾ
○

## ਰੂਹਾਨੀਅਤ

ਉਮੀਦਾਂ ਦੀ ਲਾਰੀ ਦੇ ਚੱਕੇ ਜਾਮ ਹੋ ਗਏ ਨੇ,
ਕਿੰਨੇ ਦਿਨ ਤੇਰੀ ਯਾਦ 'ਚ ਢਲ਼ ਕੇ ਸ਼ਾਮ ਹੋ ਗਏ ਨੇ।
ਨੀਂਦਰ, ਚੈਨ, ਸਕੂਨ, ਸਬਰ ਹਰਾਮ ਹੋ ਗਏ ਨੇ,
ਜਜ਼ਬਾਤ, ਅਹਿਸਾਸ, ਸੁਫ਼ਨੇ, ਖਿਆਲ ਨਿਲ਼ਾਮ ਹੋ ਗਏ ਨੇ।
ਅਲੀ ਵੀ ਤੂੰ ਵਲੀ, ਵੀ ਤੂੰ ਹੀ ਇਬਾਦਤ ਹੈਂ ਮੇਰੀ,
ਤੇਰੇ ਨਾਂ ਦੇ ਸਾਰੇ ਅੱਖਰ ਨਮਾਜ਼ ਹੋ ਗਏ ਨੇ।
ਸੰਗਾਂ ਸ਼ਰਮਾਂ, ਲਹਿਜ਼ਾ, ਲਿਆਕਤ ਕਿਥੇ ਗੁੰਮ ਗਈ ਏ,
ਜਿਸਮਫ਼ਰੋਸ਼ੀ ਦੇ ਵਿੱਚ ਲੋਕ ਤਮਾਮ ਹੋ ਗਏ ਨੇ।
ਪਹਿਲਾਂ ਅੱਖ ਮਿਲਾਕੇ ਮੁਹੱਬਤ ਜ਼ਾਹਿਰ ਕਰਨੀ ਔਖੀ ਸੀ,
ਹੁਣ ਇਜ਼ਹਾਰ ਕਰਨ ਦੇ ਢੰਗ ਕਿੰਨੇ ਆਸਾਨ ਹੋ ਗਏ ਨੇ।
ਅਜ਼ਲ ਰਲ-ਮਿਲ ਰਹਿਣ ਦੀ ਖ਼ੁਦਾ ਰੀਤ ਚਲਾਈ ਸੀ,
ਵੰਡੀਆਂ ਕਰਕੇ ਅੱਡ-ਅੱਡ ਗੀਤਾਂ, ਕੁਰਾਨ ਹੋ ਗਏ ਨੇ।
ਮੈਂ ਨਹੀਂ ਮੰਨਦਾ ਖ਼ੁਦਾ ਵੁਦਾ ਨਾ ਮੰਨਦਾ ਮਜ਼ਹਬ ਭੈੜੇ ਨੂੰ,
ਮੈਨੂੰ ਆਪਣੇ ਅੰਦਰਲੇ ਰਹੱਸ ਪਛਾਣ ਹੋ ਗਏ ਨੇ।
O

# ਕਿਸਮਤ

ਰਾਹੇ ਮੰਜ਼ਿਲ ਨੂੰ ਜਾਣ ਵਾਲੇ ਰਸਤੇ
ਅਸਾ ਨੇ ਜੋ-ਜੋ ਮਿੱਥੇ ਸੀ
ਰੱਬ ਕਿਸਮਤ ਵੰਡਦਾ ਸੀ ਜਦ
ਖੌਰੇ ਮੈਂ ਓਦੋਂ ਕਿੱਥੇ ਸੀ

ਸਾਡੇ ਬੂਹੇ ਉੱਤੇ ਦੁੱਖਾਂ ਦੇ ਬਸਰੇ
ਤਾਂ ਖੁਸ਼ੀ ਘਰ ਆਈ ਨਾ
ਸਾਡੇ ਹੱਥ ਮੱਥੇ ਜਿੰਨੀਆਂ ਲਕੀਰਾਂ
ਕਦੇ ਕੋਈ ਕੰਮ ਆਈ ਨਾ
ਵਾਰੋ ਵਾਰੀ ਖ਼ੂਨ ਹੋਇਆ ਖ਼੍ਵਾਬਾਂ ਦਾ
ਅੱਖਾਂ ਨੇ ਜੋ ਜੋ ਡਿੱਠੇ ਸੀ
ਰੱਬ ਕਿਸਮਤ ਵੰਡਦਾ ਸੀ ਜਦੋਂ
ਖੌਰੇ ਮੈਂ ਓਦੋਂ ਕਿੱਥੇ ਸੀ

ਲਾਈਆਂ ਨਾ ਕਿਸੇ ਵੀ ਕਦੇ ਮਲ੍ਹਮਾਂ
ਤੇ ਸੁੱਖਾਂ ਕੋਲੋਂ ਰਹੇ ਸੱਖਣੇ
ਦੇਦੇ ਖੁਸ਼ੀਆਂ ਰੱਬਾ ਵੇ ਭਰ-ਭਰਕੇ
ਚਾਹੁੰਦੇ ਨੇ ਸਾਡੇ ਬੁੱਲ੍ਹ ਹੱਸਣੇ
ਸਾਨੂੰ ਕਦੇ ਵੀ ਨਾ ਮਿਲੀ ਤੇਰੀ ਹਾਮੀ
ਮੈਂ ਟੇਕੇ ਬੜੇ ਮੱਥੇ ਸੀ
ਰੱਬ ਕਿਸਮਤ ਵੰਡਦਾ ਸੀ ਜਦ
ਖੌਰੇ ਮੈਂ ਓਦੋਂ ਕਿੱਥੇ ਸੀ

ਜਦ ਮੰਜ਼ਿਲ ਨੂੰ ਜਾਂਦੀ ਗੱਡੀ ਫੜੀ
ਪੈਂਡਿਆਂ 'ਚ ਧੂੰਦਾ ਪੈ ਗਈਆ
ਧੰਦਾ ਹਟੀਆਂ ਜੋ ਆਸ ਜਿਹੀ ਹੋਈ
ਤਾਂ ਪਿੱਛੋਂ ਆਕੇ ਬੂੰਦਾ ਪੈ ਗਈਆਂ
ਹਰ ਵਾਰ ਮਿਲੀ ਅਸਾ ਨੂੰ ਨਾਕਾਮੀ
ਮੈ ਦੇਦ ਬੜੇ ਚਿੱਥ ਜੀ
ਰੱਬ ਕਿਸਮਤ ਵੰਡਦਾ ਸੀ ਜਦੋਂ
ਖੌਂਰ ਮੈ ਓਦੋਂ ਕਿੱਥ ਸੀ

## ਹਾਲ ਰਾਂਝੇ ਦਾ

ਤੱਕ ਹਾਲ ਨੀ ਰਾਂਝੇ ਦਾ ਹੀਰੇ ਤੇਰਾ, ਦਿਲ ਕਾਹਤੋਂ ਨਹੀਂ ਦੁਖਿਆ
ਰੰਗ ਮਹਿੰਦੀ ਦਾ ਗੂੜ੍ਹਾ ਤਲੀ ਤੇ, ਦੇਖ ਆਸ਼ਿਕ ਮਰ ਮੁੱਕਿਆ
ਕਰ ਕਰਾਰ ਰੂਹਾਂ ਵਾਲੇ ਨਜ਼ਰ 'ਚੋਂ, ਉੱਤਰੀ ਪਲਾ ਵਿੱਚ ਮੁੱਕਰੀ
ਰੁਲ ਗਈ ਖ਼੍ਵਾਬ ਅੱਖਾਂ ਦਾ ਨਿਮਾਣਾ
ਮਹਿਣਾ ਤਖਤ ਹਜਾਰੇ ਦਾ, ਕਿ ਝੰਗ ਮੰਗਿਆਣਾ ਮੰਨ ਕੇ ਭਾਣਾ
ਗੈਰਾਂ ਲਈ ਸਜਿਆ ਖ਼ਸਮਾਂ ਨੂੰ ਖਾਣਾ

ਅਸਾਂ ਘਰ ਕਰ ਹਨੇਰੇ ਨੀ ਕਿਸਦਾ ਮਹਿਲ ਤੂੰ ਰੋਸ਼ਨ ਕਰਦੀ
ਮੈਨੂੰ ਦੱਸਦੀਆਂ ਚਿੜੀਆਂ ਤੂੰ, ਸੱਤਾਂ ਅੰਬਰਾਂ 'ਚ ਉਡਾਰੀ ਭਰਦੀ
ਕਿਉਂ ਖੇਡੀਆਂ ਖੇਡਾਂ ਨੀ ਮੱਝੀਆਂ ਭੇਡਾਂ ਕਰਨ ਸਭ ਝੇੜਾ
ਕਿ ਹੀਰ ਤਾਂ ਤੁਰ ਗਈ ਮਾਰ ਕੇ ਛਾਲਾ
ਮਹਿਣਾ ਤਖਤ ਹਜਾਰੇ ਦਾ, ਕਿ ਝੰਗ ਮੰਗਿਆਣਾ ਮੰਨ ਕੇ ਭਾਣਾ
ਗੈਰਾਂ ਲਈ ਸਜਿਆ ਖ਼ਸਮਾਂ ਨੂੰ ਖਾਣਾ

ਜਿਉਂ ਉੱਠੀ ਡੋਲੀ ਤੇਰੀ, ਡਿੱਗੋ ਸਾਹ ਦੂਜਾ ਉਤਾਂਹ ਨਾ ਉੱਠਿਆ
ਜਾਂਦੀ ਨਾ ਕੁੱਝ ਬੋਲੀ ਤੇਰੀ ਚੁੱਪ ਮੰਨ ਕਤਲ ਕਰ ਸੁੱਟਿਆ
ਮੂੰਹ ਰੱਬ ਦੇ ਵੱਲ ਕਰਕੇ, ਰਾਂਝਾ ਮਰਜਾਣਾ ਕੱਢਦਾ ਗਾਲਾਂ
ਵਿਆਹ ਕੇ ਸੁਫਨੇ ਰਹਿ ਗਿਆ ਕੁਵਾਰਾ
ਮਹਿਣਾ ਤਖਤ ਹਜਾਰੇ ਦਾ, ਕਿ ਝੰਗ ਮੰਗਿਆਣਾ ਮੰਨ ਕੇ ਭਾਣਾ
ਗੈਰਾਂ ਲਈ ਸਜਿਆ ਖ਼ਸਮਾਂ ਨੂੰ ਖਾਣਾ

ਜ਼ਿੰਦੜੀ ਦਾ ਕੀ ਕਰਨਾ, ਤੂੰ ਸਭ ਕੁੱਝ ਬੇਸੁਆਦਾ ਕਰ ਗਈ
ਮੈਂ ਚਾਅ ਤਾਂ ਕੀ ਕਰਨੇ, ਮੇਰੇ ਤਾਂ ਗੱਲ 'ਚੋਂ ਚਾਹ ਨਈ ਲੰਘਦੀ
ਰੂਹ ਨਾਲ ਹੀ ਭੁੱਖ ਮਰੀ, ਪਿਆਸ ਨਾ ਲੱਗੇ ਚੈਨ ਨਾ ਲੱਭੇ
ਪਿਆ ਜ਼ਿੰਦਗੀ 'ਚ ਪੀੜਾਂ ਦਾ ਖਿਲਾਰਾ
ਮਹਿਣਾ ਤਖ਼ਤ ਹਜ਼ਾਰੇ ਦਾ, ਕਿ ਝੰਗ ਮੰਗਿਆਣਾ ਮੰਨ ਕੇ ਭਾਣਾ
ਗੈਰਾਂ ਲਈ ਸਜਿਆ ਖ਼ਸਮਾਂ ਨੂੰ ਖਾਣਾ

ਮੈਂ ਤੱਕਿਆ ਹਾਲ ਤੇਰਾ ਤੇਰੇ ਨਾ ਮੁੱਖ ਤੋਂ ਹਾਸਾ ਲੱਭਿਆ
ਖੈਰ ਤੇਰੇ ਬਾਬਲ ਨੇ ਅੰਬਰ ਨੂੰ ਟੋਲ ਕੇ ਲਾੜਾ ਲੱਭਿਆ
ਇੱਕ ਅਰਜ ਮੇਰੀ ਅੱਲਾ, ਮਜਹਬ ਮਿਟਾਦੇ ਜਾਤਾਂ ਮੁਕਾਦੇ
ਇੱਕੋ ਜਿਹਾ ਦੇ ਥਾਲੀ ਅੰਨ ਦਾਣਾ
ਮਹਿਣਾ ਤਖ਼ਤ ਹਜ਼ਾਰੇ ਦਾ, ਕਿ ਝੰਗ ਮੰਗਿਆਣਾ ਮੰਨ ਕੇ ਭਾਣਾ
ਗੈਰਾਂ ਲਈ ਸਜਿਆ ਖ਼ਸਮਾਂ ਨੂੰ ਖਾਣਾ
○

## ਹੀਰਾਂ ਦੇ ਰਾਹ

ਪਹਿਲਾਂ ਤਾਂ ਕਿਸੇ ਨਾਲ ਦਿਲ ਨਹੀ ਲਾਈਦਾ
ਜੇ ਲਾਈਏ ਤਾਂ ਕਬਰਾਂ ਤਾਈਂ ਸਾਥ ਨਿਭਾਈਦਾ
ਅੱਖਾਂ 'ਚ ਅਰਮਾਨਾਂ ਦੀ ਤਰਦੀ ਬੇੜੀ ਨੂੰ
ਹਿਜਰਾਂ ਦੇ ਸਾਗਰਾਂ ਵਿੱਚ ਨਹੀਂ ਡੁਬਾਈਦਾ
ਪੁੱਟਣਾ ਪੈਰ ਜੇ ਰੀਤੀ-ਰਿਵਾਜਾਂ ਮੁਤਾਬਿਕ
ਤਾਂ ਚਿੜੀਏ ਹੀਰਾਂ ਦੇ ਰਾਹ ਨਹੀ ਜਾਈਦਾ

ਉਹ ਰਾਹ ਕੁਰਬਾਨੀ ਮੰਗਦੇ ਨੇ
ਆਸ਼ਿਕ ਸੁਫਨੇ ਨਾ ਸੂਲੀ ਟੰਗਦੇ ਨੇ
ਫਿੱਕੜੇ ਯਾਰ ਦੀ ਫਿੱਕੜੀ ਜ਼ਿੰਦਗੀ
ਉਹ ਆਪਣੇ ਰੰਗਾਂ ਨਾਲ ਰੰਗਦੇ ਨੇ
ਇਨ੍ਹਾਂ ਇਸ਼ਕ ਦੇ ਸੂਹੇ ਖਤਾਂ ਉੱਪਰ
ਕਦੇ ਕਾਲਖ ਮਲ ਕੇ ਨਹੀਂ ਜਾਈਦਾ
ਪੁੱਟਣਾ ਪੈਰ ਜੇ ਰੀਤੀ-ਰਿਵਾਜਾਂ ਮੁਤਾਬਿਕ
ਤਾਂ ਚਿੜੀਏ ਹੀਰਾਂ ਦੇ ਰਾਹ ਨਹੀਂ ਜਾਈਦਾ

ਜੇ ਜਾਣਾ ਏ ਤਾਂ ਛੱਡਦੇ ਸਭ ਕੁੱਝ
ਸੁਰਖੀ ਬਿੰਦੀ ਦਾ ਛੱਡਦੇ ਸਜ ਸੁਜ
ਇਸ਼ਕ ਮੰਨਦਾ ਇੱਕ ਗੱਲ ਅਨੋਖੀ
ਕਿ ਯਾਰ ਤੋਂ ਵੱਡਾ ਨਹੀ ਹੁੰਦਾ ਰੱਬ ਰੱਬ
ਪਾਕੀਜ਼ ਰੂਹਾਂ ਇੱਕ ਗੱਲ ਕਹਿੰਦੀਆਂ
ਮਰ ਜਾਈਏ ਸੰਧੂਰ ਮੱਥੇ ਗੈਰ ਦਾ ਨਹੀਂ ਲਾਈਦਾ
ਪੁੱਟਣਾ ਪੈਰ ਜੇ ਰੀਤੀ-ਰਿਵਾਜਾਂ ਮੁਤਾਬਿਕ
ਤਾਂ ਚਿੜੀਏ ਹੀਰਾਂ ਦੇ ਰਾਹ ਨਹੀਂ ਜਾਈਦਾ

ਗਲਤੀ ਨਾ ਕਰੀ ਸਾਹਿਬਾਂ ਵਾਂਗ ਭੱਜਣ ਦੀ
ਰੀਝ ਰੱਖ ਯਾਰ ਲਈ ਸੱਜਣ ਦੀ
ਖਾਈ ਚਲ ਇਸ਼ਕੇ ਦੀ ਚੂਰੀ
ਦਿਲ ਨੂੰ ਕਦੇ ਨਾ ਰੱਜਣ ਦਈਂ
ਜੇ ਇਸ਼ਕ ਕੀਤਾ ਹਿੰਮਤ ਰੱਖੀਂ
ਗੱਲ ਮਾਪਿਆਂ ਮੂਹਰੇ ਰੱਖਣ ਦੀ
ਨਾ ਮਿਲੇ ਯਾਰ ਤਾਂ ਤਾਂਘ ਰੱਖੀਂ
ਖ਼ੁਦ ਨੂੰ ਕੁੱਜੇ ਵਿੱਚ ਕੱਜਣ ਦੀ
ਜੇ ਨਹੀਂ ਕਰ ਸਕਦੀ ਇਹ ਸਭ ਕੁੱਝ ਤਾਂ
ਝੰਗ ਮੰਗਿਆਣਿਓਂ ਖੇੜਿਆਂ ਵੱਲ ਨਹੀਂ ਜਾਈਦਾ
ਪੱਟਣਾ ਪੈਰ ਜੇ ਰੀਤੀ-ਰਿਵਾਜਾਂ ਮੁਤਾਬਿਕ
ਤਾਂ ਚਿੜੀਏ ਹੀਰਾਂ ਦੇ ਰਾਹ ਨਹੀਂ ਜਾਈਦਾ
○

## ਪੀੜ ਅੰਨ੍ਹੇਵਾਹ

ਮੁੱਕ ਜਾਣੀ ਇਹ ਜਿੰਦ ਨਿਮਾਣੀ
ਸਰੀਰ 'ਚੋਂ ਰੂਹ ਮਾਰਕੇ ਧਾਅ ਨਿਕਲੂ
ਸਿਵਾ ਠੰਡਾ ਹੋਣ 'ਤੇ ਵੀ ਨਹੀਂ ਮੁੱਕਣੀ
ਪੀੜ ਮੇਰੇ ਹੱਡਾਂ 'ਚੋਂ ਅੰਨ੍ਹੇਵਾਹ ਨਿਕਲੂ

ਫਰੋਲ ਲੈਣਾ ਸਵਾਹ ਵਿੱਚੋਂ ਮੇਰੀਆਂ ਪੀੜਾਂ
ਜਿਵੇਂ ਸੱਜ ਵਿਆਹੀ ਦੁੱਧ 'ਚੋ ਲੱਭਦੀ ਛੱਲਾ
ਦੇਖਿਓ ਜੇ ਲੱਭਿਆ ਦਿਲ ਦਾ ਨਿਸ਼ਾਨ ਕੋਈ
ਚੁੱਕ ਕੇ ਪਾ ਦੇਣਾ ਇਸਦੀ ਰਾਖ ਨੂੰ ਕੁੱਜੇ
ਕਿਤੇ ਸਿਵਿਆਂ 'ਚ ਵੀ ਨਾ ਰਹਿ ਜਾਏ ਕੱਲਾ
ਲਿਖ ਲਿਓ ਇੱਕ-ਇੱਕ ਦਰਦ ਦਾ ਕਿੱਸਾ
ਜਿਵੇਂ-ਜਿਵੇ ਮੇਰਾ ਆਖਰੀ ਸਾਹ ਨਿਕਲੂ
ਪਰ ਲਿਖਿਓ ਨਾ ਉਸ ਚੰਨ ਦੇ ਬਾਰੇ
ਜਿਸਦਾ ਆਖਰੀ ਵਾਰ ਮੂੰਹੋਂ ਨਾਂ ਨਿਕਲੂ

ਕਿਤੇ ਰਹਿ ਨਾ ਜਾਵੇ ਕੱਖ ਮੇਰਾ ਬਾਕੀ
ਸਭ ਸਾੜ ਦਿਓ ਅੱਗ 'ਚ ਭਾਫ਼ ਦੇ ਨਾਲ
ਇੱਕ ਲਿਖ ਕੇ ਕਿਤਾਬ ਮੇਰੇ ਦਰਦਾ ਦੀ
ਨਦੀ 'ਚ ਰੋੜ੍ਹ ਦਿਓ ਮੇਰੀ ਰਾਖ ਦੇ ਨਾਲ
ਪਹਿਲਾ ਹੰਝੂਆ ਦੇ ਹੜ੍ਹ 'ਚ ਗੋਤੇ ਖਾਂਦਾ ਸੀ
ਜਾਂਦਾ ਹੁਣ ਪਾਣੀ 'ਚ ਗੋਤੇ ਖਾਦਾ ਖਾਂਦਾ
ਮੇਰੀ ਰੂਹ ਨੂੰ ਮਿਲਜੂ ਸਕੂਨ ਉਏ ਲੋਕੋ
ਜੇ ਗੜਥੀ ਨਾਲ ਬੰਨ੍ਹ ਦਿਓ ਉਸਦਾ ਪਰਾਂਦਾ
ਮੈਂ ਸੱਤੇ ਜਨਮਾਂ ਲਈ ਰੱਖਲਾਂ ਇਹੋ ਹੀ
ਜੇ ਉਸਦੇ ਹਠਾ ਨੂੰ ਛੂਹ ਮੇਰਾ ਨਾਂ ਨਿਕਲੂ
ਸਮਝੀਂ ਤੈਨੂੰ ਮਿਲਣ ਸਾ ਆਇਆ
ਜੇ ਘਰ ਦੇ ਚੁਬਾਰ 'ਤੇ ਬਹਿ ਕੇ ਕਾਂ ਨਿਕਲੂ

ਕਈ ਪੁੱਛੇ ਜਰਾਂ ਵੀ ਦੱਸਿਓ ਨਾ
ਸੀ ਕੀ ਕਰਦਾ ਤੇ ਕਿੱਥੇ ਜਾਂਦਾ
ਕਿਵੇਂ ਰਿਹਾ ਜਿਉਂਦਾ ਹਿਜਰਾਂ 'ਚ
ਕੀ-ਕੀ ਪੀਂਦਾ ਸੀ ਕੀ ਖਾਂਦਾ
ਆਖ ਦੇਣਾ ਕਿ ਪਾਗਲ ਸੀ
ਨਾ ਬੋਲਦਾ ਸੀ ਤੇ ਨਾ ਬਲਾਂਦਾ
ਕੋਈ ਹਾਲ ਮੇਰਾ ਇਹ ਦੱਸਣਾ ਨਾ
ਦਿਨ ਰਾਤ ਸੱਜਣ ਲਈ ਸੀ ਕੁਰਲਾਉਂਦਾ
ਦੱਸਿਓ ਨਾ ਕੋਈ ਦਿਸ਼ਾ ਟਿਕਾਣਾ
ਜੇ ਮੇਰੇ ਹੱਥਾਂ 'ਚੋਂ ਉਸਦਾ ਪਤਾ ਨਿਕਲੁ
ਕੋਈ ਦੱਸਿਓ ਨਾ ਮਰੀ ਲਾਸ਼ ਦਾ ਕਿੱਸਾ
ਜੇ ਓਦੀ ਯਾਦ ਦਾ ਅੱਖੋਂ ਤੁਪਕਾ ਨਿਕਲੂ

ਮੁੱਕ ਜਾਣੀ ਇਹ ਜਿੰਦ ਨਿਮਾਣੀ
ਸਰੀਰ 'ਚੋਂ ਰੂਹ ਮਾਰਕੇ ਧਾਅ ਨਿਕਲੂ
ਸਿਵਾ ਠੰਡਾ ਹੋਣ 'ਤੇ ਵੀ ਨਹੀਂ ਮੁੱਕਣੀ
ਪੀੜ ਮੇਰੇ ਹੱਡਾਂ 'ਚੋਂ ਅੰਨ੍ਹੇਵਾਹ ਨਿਕਲੂ
o

# ਖੁਸ਼ੀ ਘਰ ਆਈ

ਮੁੱਦਤਾਂ ਬਾਅਦ ਖੁਸ਼ੀ ਘਰ ਆਈ
ਨਾ ਕੋਈ ਫੋਨ ਨਾ ਚਿੱਠੀ ਪਾਈ
'ਜੀ ਆਇਆਂ' ਕਹਿਕੇ ਅੰਦਰ ਲੰਘਾਈ
ਬੁੱਲ੍ਹਾਂ ਦੇ ਆਸਨ ਉੱਤੇ ਬਿਠਾਈ
ਦਿਲ ਵੀ ਖਿੜਿਆ ਚਾਈਂ ਚਾਈਂ
ਅਸਾਂ ਵੇ ਸਹਿਮੇ ਸਹਿਮੇ ਪੁੱਛਿਆ
ਤੂੰ ਭੁੱਲ ਭੁਲੇਖੇ ਤਾਂ ਨੀ ਆਈ?

ਕਹਿੰਦੀ ਗੁਆਢੀਆਂ ਸੀ ਬੁਲਾਇਆ
ਜਾਂਦੀ ਨੇ ਕੁੰਡਾ ਤੇਰਾ ਖੜਕਾਇਆ
ਅਸਾਂ ਨ ਠੰਡਾ ਠੰਡਾ ਪਿਆਇਆ
ਆਖੇ ਸੁਆਦ ਜਿਹਾ ਨੀ ਆਇਆ
ਫਿਰ ਹੰਝੂਆਂ ਦਾ ਰਸ ਪਿਲਾਇਆ
ਮੈਨੂੰ ਕਹਿੰਦੀ ਮੇਰੇ ਪਿੱਛੋਂ
ਘਰ ਗਮ ਕਿਹੜਾ ਕਿਹੜਾ ਆਇਆ?

ਵੇਖੇ ਸੱਜੇ ਤੇ ਕਦੀ ਖੱਬੇ
ਅੱਖਾਂ ਥੱਲੇ ਕਾਲੇ ਧੱਬੇ
ਦਿਲ ਵਿੱਚ ਕਿਨੇ ਈ ਦੱਖ ਸੀ ਦੱਬੇ
ਪੁੱਛੇ ਹੋਇਆ ਕੀ ਵੇ ਕੰਵਲਾ

ਕਿੰਨਾ ਬਦਲ ਗਿਐ ਤੂੰ ਕੰਵਲਾ
ਬਣਾ ਦਿਲ ਦੀਆਂ ਬੈਠਾ ਕਬਰਾਂ
ਥੋੜ੍ਹੀਆਂ ਕਰਲੈ ਹੋਰ ਤੂੰ ਸਬਰਾ
ਗੱਡੀ ਆਉਣ ਵਾਲੀ ਏ
ਫਿਲਹਾਲ ਤਾਂ ਮੈਂ ਹੁਣ ਚੱਲੀ
ਜਾ ਖੜਕਾ ਮੰਦਿਰ ਦੀ ਟੱਲੀ
ਰੱਬ ਦੀ ਨਿਗਾਹ ਹੋਵੇਗੀ ਸਵੱਲੀ
ਰਾਤ ਵੀ ਹੋਣ ਵਾਲੀ ਏ

ਜੇ ਕਿਸਮਤ ਬੂਹਾ ਖੜਕਾਵੇ
ਵੇਖੀਂ ਮੁੜ ਹੀ ਨਾ ਉਹ ਜਾਵੇ
ਐਵੇਂ ਸੁੱਤਾ ਨਾ ਰਹਿਜੀਂ
ਫਿਰ ਜਾਣ ਨਾ ਉਸਨੂੰ ਦੇਵੀਂ
ਬਾਹੋਂ ਪਕੜ ਕੇ ਉਸ ਨੂੰ ਕਹਿਵੀ
ਹੁਣ ਨੀ ਜਾਣ ਦੇਣਾ ਕਿਤੇ ਵੀ
ਗਾਹੇ ਲੰਮਾ ਹੀ ਪੈ ਜਈਂ ..
○

## ਕੁੱਝ ਗੱਲਾਂ

ਸਾਰੀ ਜ਼ਿੰਦਗੀ ਮੇਰੇ ਨਾਲ ਖੜ੍ਹਨ ਦੀ ਗੱਲ ਨਾ ਕਰ
ਕਦੇ ਕਿਨਾਰਿਆਂ ਨਾਲ ਵੀ ਸਾਗਰ ਆ ਖਲੋਤੇ ਨੇ?

ਨਾ ਕਰ ਗੱਲਾ ਮੈਨੂੰ ਇਕਸਾਰ ਤੱਕਣ ਦੀਆਂ,
ਜੀਕਣ ਜ਼ਮੀਨ ਵੇਖਦੀ ਅੰਬਰ ਨੂੰ,
ਈਕਣ ਤੇਰੇ ਕਲੋਂ ਸਾਰੀ ਉਮਰ ਤੱਕਿਆ ਨੀ ਜਾਣਾ।

ਆਖਦੈਂ ਕਿ ਸਾਰੀ ਜ਼ਿੰਦਗੀ ਖਿਆਲ ਰੱਖੇਂਗਾ,
ਕਦੇ ਲਹਿਰਾਂ ਨੇ ਕਿਨਾਰਿਆਂ ਦੇ ਹਾਲ ਪੁੱਛੇ ਨੇ?

ਤੇਰੇ ਕੋਲੋਂ ਸੀਨੇ ਦਾ ਸੇਕ ਵੀ ਦਿੱਤਾ ਨਹੀਂ ਜਾਣਾ,
ਕਦੇ ਟਾਹਣੀਆਂ ਨੇ ਟੁੱਟੇ ਫੁੱਲ ਅਪਣਾਏ ਨੇ?

ਨਹੀਂ ਰਖਿਆ ਜਾਣਾ ਤੇਰੇ ਕਲ ਮੇਰਾ ਦਿਲ,
ਕਦੇ ਹੱਟੀ ਵਾਲਿਆ ਪੁਰਾਣੇ ਸਮਾਨ ਬਚਾਏ ਨੇ?
O

# ਮੈਂ ਠੀਕ ਹਾਂ

ਕਿੰਨਾ ਅਜੀਬ ਹੁੰਦਾ ਹੈ ਨਾ
ਦਿਲ ਉੱਪਰ ਐਵੇਂ ਕਈ
ਭਾਰ ਜਿਹਾ ਪਈ ਜਾਣਾ
ਇੰਨੀਆਂ ਪੀੜਾਂ ਸਹਿ ਕੇ ਵੀ
ਮੈਂ ਠੀਕ ਹਾਂ
ਮੈਂ ਬਿਲਕੁਲ ਠੀਕ ਹਾਂ ਕਹੀ ਜਾਣਾ

## ਸੋਚ

ਮੇਰੇ ਲਈ ਤੂੰ ਵੀ ਹੋਰਾ ਵਰਗਾ ਏ
ਤੇਰੇ ਵਾਂਗ ਮੈਂ ਕੋਈ ਯੱਖ ਨਹੀਂ ਸੀ
ਜਿਨ੍ਹਾਂ ਦੀ ਸੋਚ ਵਿੱਚ ਜਾ ਸ਼ਾਮਿਲ ਹਇਆ
ਤੂੰ ਕੋਈ ਉਹਨਾ ਨਾਲੋਂ ਵੱਖ ਨਹੀਂ ਸੀ

ਵਾਅਦੇ ਕਰਕੇ ਅੰਬਰ ਜਿੱਡੇ
ਮਜ਼ਹਬ ਦੀਆਂ ਰਾਖਾਂ 'ਚ ਘੁਲ ਗਿਆ
ਇਸ਼ਕ ਸਦਾ ਆਬਾਦ ਰਹਿੰਦਾ
ਉਹ ਨਹੀਂ ਜੋ ਪਲਾਂ 'ਚ ਭੁੱਲ ਗਿਆ
ਅਸੀਂ ਘੋਲਿਆ ਤੈਨੂੰ ਸਾਹਾਂ 'ਚ
ਜ਼ਰਾ ਵੀ ਕੀਤਾ ਸ਼ੱਕ ਨਹੀਂ ਸੀ
ਜਿਨ੍ਹਾਂ ਦੀ ਸਚ ਵਿੱਚ ਜਾ ਸ਼ਾਮਲ ਹੋਇਆ
ਤੂੰ ਕੋਈ ਉਹਨਾਂ ਨਾਲੋਂ ਵੱਖ ਨਹੀ ਸੀ

ਸਾਨੂੰ ਦਬੋਚਿਆ ਤੇਰੇ ਖਿਆਲਾਂ ਨੇ
ਜਿਵੇਂ ਖੇਰ ਦਬੋਚਣ ਫੁੱਲਾਂ ਨੂੰ
ਅਸਾਂ ਹਾਂ ਵਿੱਚ ਤੇਰੀ ਹਾਂ ਕਹੀ
ਨਾਜਾਇਜ਼ ਵਰਤੀਆਂ ਖੁੱਲ੍ਹਾਂ ਤੂੰ
ਜਿੰਨਾਂ ਆਪਾ ਤੈਨੂੰ ਸੌਂਪਿਆ ਮੈਂ
ਇੰਨਾਂ ਦਿੱਤਾ ਕਿਸੇ ਨੂੰ ਹੱਕ ਨਹੀਂ ਸੀ
ਜਿੰਨ੍ਹਾਂ ਦੀ ਸੋਚ ਵਿੱਚ ਜਾ ਸ਼ਾਮਿਲ ਹੋਇਆ
ਤੂੰ ਕੋਈ ਉਹਨਾਂ ਨਾਲੋਂ ਵੱਖ ਨਹੀ ਸੀ

ਛੈ ਮਰਲੇ ਜਗਾਹ 'ਚ ਘਰ ਮੇਰਾ
ਅੰਨ ਪਾਣੀ ਤਿੰਨ ਟਾਇਮ ਖਾਦਾ ਹਾਂ
ਦਿਨ ਰਾਤ ਕਮਾਈਆਂ ਕਰ ਕਰਕੇ
ਤੇਰੇ ਲਈ ਖ਼੍ਵਾਬਾਂ ਦਾ ਮਹਿਲ ਬਣਾਦਾ ਸਾਂ
ਸਾਰ ਲੈਂਦੇ ਰੁਪਈਏ ਹਜਾਰਾ ਨਾਲ
ਕੀ ਹੋਇਆ ਕਰੋੜ ਜਾਂ ਲੱਖ ਨਹੀਂ ਸੀ
ਜਿੰਨ੍ਹਾਂ ਦੀ ਸੋਚ ਵਿੱਚ ਜਾ ਸ਼ਾਮਿਲ ਹੋਇਆ
ਤੂੰ ਕੋਈ ਉਹਨਾਂ ਨਾਲੋ ਵੱਖ ਨਹੀਂ ਸੀ

ਸੋਚਿਆ ਸੀ ਮੈਂ ਖ਼ੁਦਾ ਤੈਨੂੰ
ਹੋਇਆ ਇਸਕ ਜ਼ੁਦਾ ਮੈਨੂੰ
ਲੱਗਦੀ ਹੈ ਬਦ ਦੁਆ ਮੈਨੂੰ
ਕੰਮ ਕਰਦੀ ਨਹੀਂ ਦੁਆ ਮੈਨੂੰ
ਮੇਰਾ ਅਣਭੋਲ ਹੋਣਾ ਖ਼ੁਆਰ ਗਿਆ
ਤੇਰੀ ਵੀ ਨਿਆਣੀ ਮੱਤ ਨਹੀਂ ਸੀ
ਜਿਨ੍ਹਾਂ ਦੀ ਸੋਚ ਵਿੱਚ ਜਾ ਸ਼ਾਮਿਲ ਹੋਇਆ
ਤੂੰ ਕੋਈ ਉਹਨਾਂ ਨਾਲੋਂ ਵੱਖ ਨਹੀਂ ਸੀ
O

## ਤਾਜ ਮਹਿਲ

ਇੰਨੇ ਟੁੱਟ ਕੇ ਵੀ ਮੁਸਕਰਾ ਰਹੇ ਹਾਂ
ਕੌਣ ਜਾਣਦਾ ਅੰਦਰ ਕਿੰਨਾ ਸਬਰ ਹੀ ਆ
ਦਖਣ ਨੂੰ ਹਰ ਚੀਜ ਸੋਹਣੀ ਲੱਗਦੀ
ਹੈ ਤਾਂ ਵੈਸੇ ਤਾਜ ਮਹਿਲ ਵੀ ਕਬਰ ਹੀ ਆ
○

## ਦੁਆਵਾਂ

ਜਿੱਥੇ ਹੋਣ ਪਿਆਰ ਦੇ ਫੁੱਲ ਖਿਲਦੇ,
ਉਹ ਰਾਹਾਂ ਸਾਡੇ ਲਈ ਨਈਂ ਬਣੀਆਂ।

ਜਿਨ੍ਹਾਂ ਸਾਹਾਂ ਵਿੱਚ ਜਾ ਸਾਹ ਘੁਲ ਜੇ,
ਉਹ ਸਾਹਾਂ ਸਾਡੇ ਲਈ ਨਈ ਬਣੀਆਂ।

ਜਿਨ੍ਹਾਂ ਅੱਖਾਂ 'ਚ ਦਿਸੇ ਤਸਵੀਰ ਮੇਰੀ,
ਉਹ ਨਿਗਾਹਾਂ ਸਾਡੇ ਲਈ ਨਈ ਬਣੀਆਂ।

ਮੇਰੇ ਨਾਮ ਦਾ ਚੂੜਾ ਪਾਵੇ ਜੋ,
ਉਹ ਬਾਹਵਾਂ ਸਾਡੇ ਲਈ ਨਈ ਬਣੀਆਂ।

ਕੱਲ੍ਹ ਸਾਡਾ ਸੀ ਅੱਜ ਗੈਰਾਂ ਦਾ,
ਇਸ਼ਕ ਹਵਾਵਾਂ ਸਾਡੇ ਲਈ ਨਈਂ ਬਣੀਆਂ।

ਜਾ ਸੱਜਣਾ ਤੇਰੀ ਖੈਰ ਹੋਵੇ,
ਲਿਖ ਅਰਦਾਸਾਂ ਤੇਰੇ ਲਈ ਮੈਂ ਕਰੀਆਂ।

ਪਾਗਲ ਸ਼ਾਇਰ ਨੂੰ ਬਦ-ਦੁਆ ਦੇ ਦਿਉ,
ਇਹ ਦੁਆਵਾਂ ਸਾਡੇ ਲਈ ਨਈ ਬਣੀਆਂ।
○

## ਮਜ਼ਹਬ ਵੱਖ-ਵੱਖ

ਪਾਣੀ ਬਥੇਰਾ ਪਾਇਆ ਸੀ
ਹਵਾਵਾਂ ਦਾ ਸਾਥ ਨਾ ਹੋਣ ਕਰਕੇ
ਹੋਰਾਂ ਦੇ ਬਾਗਾਂ 'ਚ ਜਾ ਖਿਲਿਆ ਤੂੰ

ਪਾਟੀਆਂ ਲੀਰਾਂ 'ਕੱਠੀਆਂ ਕਰ ਕਰ
ਤੇਰੇ ਨਾ ਦਾ ਰੁਮਾਲ ਬੁਣਦਾ ਸੀ
ਬਦਕਿਸਮਤੀ, ਹੋਰਾਂ ਦੀ ਮਸ਼ੀਨ ਜਾ ਸਿਲਿਆ ਤੂੰ

ਮਰਦਾ ਰਿਹਾ ਹਿਜਰ ਦੇ ਜ਼ਖ਼ਮ ਸਹਿ ਸਹਿ
ਕੁਰਲਾਉਂਦਾ ਰਿਹਾ ਹੱਥ ਮਰਹਮ ਦੇਖ ਦੇਖ
ਬੇਫਿਕਰੀ ਹੋਰਾਂ ਦੇ ਜਾ ਮਲਿਆ ਤੂੰ

ਅਰਦਾਸਾਂ ਵਿੱਚ ਮੰਗਿਆ ਸੀ ਤੈਨੂੰ
ਮਜ਼ਹਬ ਵੱਖ-ਵੱਖ ਹੋਣ ਕਰਕੇ
ਸ਼ਮਸਾਨਾਂ 'ਚ ਵੀ ਨਾ ਮਿਲਿਆ ਤੂੰ
○

## ਐ ਯਾਰ

ਕਹਿੰਦ ਅੱਖਾਂ ਤੇਰੀਆ ਗਿੱਲੀਆਂ ਰਹਿੰਦੀਆਂ,
ਦਿਲ ਟੁੱਟਣ 'ਤੇ ਬੰਦਾ ਰੋਂਦਾ ਈ ਐ ਯਾਰ।

ਕੀ ਹਇਆ ਅਗਰ ਸਤਿਆ ਰਹਿੰਦਾ,
ਖਿਆਲ ਯਾਰ ਦਾ ਸਤੌਂਦਾ ਈ ਐ ਯਾਰ।

ਕੀ ਹੋਇਆ ਜੇ ਯਾਰ ਨੇ ਛੱਡਤਾ,
ਖ਼ਾਬ ਤਾ ਉਸਦਾ ਆਉਂਦਾ ਈ ਐ ਯਾਰ।

ਜੇ ਪਿਆਰ ਕੀਤਾ ਘਬਰਾਉਣਾ ਕਾਹਦਾ,
ਇਹ ਇਸ਼ਕ ਰੋਗ ਤਾਂ ਲਾਉਂਦਾ ਈ ਐ ਯਾਰ।

ਸਭ ਕਹਿੰਦੇ ਸ਼ਾਇਰਾ ਤੂੰ ਬਦਲ ਗਿਐਂ,

ਸੱਜਣ ਦੇ ਬਦਲ ਜਾਣ ਤੋਂ ਬਾਦ,
ਬਦਲਾਵ ਤਾਂ ਬੰਦੇ 'ਚ ਆਉਂਦਾ ਈ ਐ ਯਾਰ।

O

# ਉਹ ਸ਼ਖ਼ਸ

ਕਦੇ ਕਿਸੇ ਨੂੰ ਦਿਲ 'ਤੇ ਇਨਾ ਨਾ ਲਗਾਓ
ਕਿ ਉਹ ਸ਼ਖਸ ਤੁਹਾਡੇ ਹਾਸਿਆਂ ਨੂੰ ਲੱਗਜੇ।

ਕਦੇ ਵੀ ਕਿਸੇ ਨੂੰ ਰੂਹ ਤੱਕ ਨਾ ਲੈ ਜਾਓ,
ਕਿ ਉਹ ਖਾਣ ਅੰਦਰਲੇ ਪਾਸਿਆਂ ਨੂੰ ਲੱਗਜੇ!

ਕਦੇ ਵੀ ਕਿਸੇ ਨੂੰ ਸਾਹਾਂ ਦੇ ਘਰ ਨਾ ਬਿਠਾਓ,
ਕਿ ਉਹ ਸਿਉਂਕ ਬਣ ਦਰਵਾਜ਼ਿਆਂ ਨੂੰ ਲੱਗਜੇ!

ਕਦੇ ਵੀ ਕਿਸੇ ਨੂੰ ਇੰਨੀ ਖੁੱਲ ਨਾ ਦਵਾਓ
ਕਿ ਉਹ ਖਹਣ ਤਰੋ ਧਰਵਾਸਿਆਂ ਨੂੰ ਲੱਗਜ।

ਕਦੇ ਕਿਸੇ ਪਿੰਜਰੇ 'ਚ ਇੰਨਾ ਨਾ ਬੈਠੀ,
ਕਿ ਉਹ ਕੈਦ ਕਰਨ ਅਜ਼ਾਦਗੀ ਨੂੰ ਲੱਗਜੇ।

ਕਦੇ ਵੀ ਕਿਸੇ ਨੂੰ ਇੰਨਾ ਨਾ ਅਪਣਾਓ,
ਕਿ ਉਹ ਬੇਸ਼ਰਮ ਬਣ ਸਾਦਗੀ ਨੂੰ ਲੱਗਜੇ।

ਕਦੇ ਕਿਸੇ ਨੂੰ ਪਿਆਰ ਇੰਨਾ ਨਾ ਜਤਾਓ,
ਕਿ ਉਹ ਹੋਲ ਪਣ ਜਿਹਰੇ ਨੂੰ ਲੱਗਜੇ।

ਕਦੇ ਕਿਸੇ ਨੂੰ ਹਨੇਰੇ ਇੰਨਾ ਨਾ ਯਾਦ ਕਰੀਂ,
ਕਿ ਉਹ ਰੋਗ ਬਣ ਸਵੇਰੇ ਨੂੰ ਲੱਗਜੇ।

ਕਦੇ ਕਿਸੇ ਨੂੰ ਗਲ ਇਨਾਂ ਨਾ ਲਗਾਓ,
ਕਿ ਉਹ ਤਰਸਾਉਣ ਬਾਹਵਾਂ ਨੂੰ ਲੱਗਜੇ।

ਕਦੇ ਕਿਸੇ ਨੂੰ ਆਪਾ ਕੁਰਬਾਣ ਨਾ ਕਰਨਾ,
ਕਿ ਉਹ ਸ਼ਖਸ ਮਰਜ਼ ਬਣ ਸਾਹਾਂ ਨੂੰ ਲੱਗਜੇ।

ਕਦ ਕਿਸੇ ਨੂੰ ਦਿਲ ਦਾ ਖਾਤਾ ਨਾ ਦਿਖਾਓ,
ਕਿ ਉਹ ਬਦਲਨ ਤੇਰੇ ਹਿਸਾਬਾਂ ਨੂੰ ਲੱਗਜੇ।

ਕਦੇ ਕਿਸੇ ਨਾਲ ਆਪਣੀ ਜ਼ਿੰਦਗੀ ਨਾ ਸਜਾਓ,
ਕਿ ਉਹ ਤਬਾਹ ਕਰਨ ਤੇਰੇ ਖ਼ੁਾਬਾਂ ਨੂੰ ਲੱਗਜੇ।
o

## ਦਿਲ ਲਗਾਵਣ ਵਾਸਤੇ

ਦਿਲ ਲਗਾਵਣ ਵਾਸਤੇ ਪਤਾ ਨਹੀਂ ਕੀ ਕੁੱਝ ਕਰਦਾ ਹਾਂ
ਕੌੜੀ ਜ਼ਿੰਦਗੀ ਦੀਆਂ ਮਿੱਠੜੀਆਂ ਯਾਦਾਂ ਮਰਦਾ ਹਾਂ
ਤੇਰਾ ਨਜ਼ਰ ਫੇਰ ਲੈਣਾ ਕੋਈ ਇਤਫ਼ਾਕ ਨਹੀਂ ਸੀ
ਹੁਣ ਕਿਸੇ ਨਾਲ ਨਜਰ ਮਿਲਾਉਣ ਤੋਂ ਵੀ ਡਰਦਾ ਹਾਂ
ਜਿੰਨਾਂ ਮਰਜ਼ੀ ਮਨ ਮਾਰ ਲਵਾਂ ਫਿਰ ਉੱਥੇ ਜਾ ਖੜ੍ਹਦਾ ਹਾਂ
ਤੇਰੀਆਂ ਯਾਦਾਂ ਜੋ ਲਿਖਵਾਇਆ ਬੱਸ ਉਹੀ ਤਰਜ਼ਾਂ ਪੜ੍ਹਦਾ ਹਾਂ
ਪੈਰੀਂ ਛਾਲੇ ਘਸੀਆਂ ਅੱਡੀਆਂ ਆਸ ਦੀ ਪੌੜੀ ਚੜ੍ਹਦਾ ਹਾਂ
ਖ਼ੁਦਾ ਆਖੇ ਤੂੰ ਮੁੜ ਨਈਂ ਆਉਣਾ, ਤਾ ਵੀ ਉਸ ਨਾਲ ਲੜਦਾ ਹਾਂ
ਦਿਨ ਤਾਂ ਗੁਜ਼ਰ ਹੀ ਜਾਂਦਾ ਏ ਬੱਸ ਰਾਤਾਂ ਨੂੰ ਮਨ ਭਰਦਾ ਹਾਂ
ਹਾੜ੍ਹ ਦੁਪਹਿਰਾਂ ਬੁੱਕਲ ਲੋਈ ਦੀ ਮਾਰੀ ਫਿਰ ਵੀ ਠਰਦਾ ਹਾਂ
ਵੈਸੇ ਖੁਸ਼ ਹੀ ਰਹਿੰਦਾ ਹਾਂ ਜਦ ਸੋਚਾਂ ਤੈਨੂੰ ਹੋਰ ਕਿਸੇ ਨਾਲ
ਮੈਂ ਸਾਹ ਲੈਂਦਾ ਵੀ ਮਰਦਾ ਹਾਂ ਮੈਂ ਸਾਹ ਲੈਂਦਾ ਵੀ ਮਰਦਾ ਹਾਂ
੦

# ਭੁੱਲ-ਭੱਲ

ਮਜਬੂਰੀਆਂ ਰੱਖਕੇ ਇੱਕ ਪਾਸੇ
ਧੋਖਾ ਹੀ ਕੋਈ ਦੇ ਜਾਂਦਾ
ਤਰ ਬਿਨ ਕਿਤੇ ਹੋਰ ਨਹੀਂ ਜੁੜਦਾ
ਕਹਿ ਜੀਣ ਦਾ ਮੌਕਾ ਦੇ ਜਾਦਾ
ਜਿੰਦਗੀ ਭਰ ਦੇ ਵਾਅਦੇ ਕਰਕੇ
ਕਿੱਦਾਂ ਭੁੱਲ ਭੱਲ ਜਾਂਦੇ ਨੇ
ਰੂਹਾਂ ਦੀਆਂ ਗੱਲਾਂ ਕਰਨ ਵਾਲੇ
ਕਿੱਦਾਂ ਭੁੱਲ-ਭੱਲ ਜਾਂਦੇ ਨ
ਲੈ ਕੇ ਭੇਦ ਦਿਲ ਦੇ ਜਾਨੀ
ਹੋਰਾਂ ਨਾਲ ਖੁੱਲ੍ਹ-ਖੱਲ ਜਾਂਦੇ ਨੇ
ਪਾਕ ਰੂਹਾਂ ਦੇ ਮਾਲਿਕ
ਰਾਂਝੇ ਵਾਗਰ ਰੁੱਲ-ਰਲ ਜਾਂਦੇ ਨੇ
○

## ਸਿਆਣਪ

ਮੈਨੂੰ ਛੱਡਣ ਦਾ ਫੈਸਲਾ ਤੇਨੂੰ
ਸਿਆਣਿਆਂ 'ਚ ਖੜ੍ਹਾ ਕਰ ਗਿਆ
ਤੈਨੂੰ ਹਲੇ ਵੀ ਯਾਦ ਕਰਨਾ
ਮੈਨੂੰ ਨਿਆਣਿਆਂ 'ਚ ਖੜ੍ਹਾ ਕਰ ਗਿਆ

ਤੈਨੂੰ ਹਾਸੇ ਖਿੜੇ ਮੱਥੇ ਮਿਲਦੇ ਰਹੇ
ਕਿਸਮਤ ਪੋਟਾ-ਪੋਟਾ ਚੁੰਮਦੀ ਰਹੀ
ਮੇਰੇ ਹੱਥਾਂ ਦੀਆਂ ਲਕੀਰਾਂ ਦਾ ਕੰਮ ਨਾ ਆਉਣਾ
ਮੈਨੂੰ ਬੇ ਸਹਾਰਿਆਂ 'ਚ ਖੜ੍ਹਾ ਕਰ ਗਿਆ

ਆਵਾਂਗੇ ਕਹਿ ਜਾਦੇ ਲੱਗੇ
ਸੱਜਣਾ ਦੇ ਬੂਹੇ ਤਾਲੇ ਵੱਜੇ
ਤੇਰੇ ਪਰਤ ਆਉਣ ਦਾ ਸੁਨੇਹਾ
ਮੈਨੂੰ ਲਾਰਿਆਂ 'ਚ ਖੜ੍ਹਾ ਕਰ ਗਿਆ

ਪਿੰਡ ਦੀ ਚਮਕ ਚਾਨਣੀ ਜਿਹੀ
ਅੱਖਾਂ 'ਚ ਕੱਜਲ ਹਨੇਰੇ ਵਰਗਾ
ਤੇਰਾ ਖ਼ੁਦ ਨੂੰ ਚੰਨ ਸਮਝਣਾ
ਮੈਨੂੰ ਤਾਰਿਆਂ 'ਚ ਖੜ੍ਹਾ ਕਰ ਗਿਆ

ਪਹਿਲਾਂ ਪਹਿਲਾਂ ਮੋਰਾਂ ਵਰਗਾ ਨਿਕਲਿਆ
ਬਾਦ ਵਿੱਚ ਤੂੰ ਵੀ ਹੋਰਾਂ ਵਰਗਾ ਨਿਕਲਿਆ
ਅੱਖਾਂ ਬੰਦ ਕਰਨ ਵਾਲਾ ਵਿਸ਼ਵਾਸ
ਮੈਨੂੰ ਉਜਾੜਿਆਂ 'ਚ ਖੜ੍ਹਾ ਕਰ ਗਿਆ

ਤੇਰਾ ਮਹਿੰਦੀ ਦਾ ਸ਼ੌਕ ਨਵਾਬੀ
ਵਿਆਹ 'ਤੇ ਪੌਣਾ ਲਹਿੰਗਾ ਗੁਲਾਬੀ
ਤੇਰਾ ਕੰਗਣਾ ਖੇਡਣ ਦਾ ਚਾਅ ਅਨੋਖਾ
ਮੈਨੂੰ ਕੁਵਾਰਿਆਂ 'ਚ ਖੜ੍ਹਾ ਕਰ ਗਿਆ
o

## ਯਾਦਾਂ ਦਾ ਸਫਰ

ਸੂਰਜ ਦੇ ਸੌਣ ਤੋਂ ਲੈਕੇ ਚੰਨ ਦੇ ਉੱਠਣ ਤੱਕ
ਰਾਤਾਂ ਦੇ ਦਿਸਣ ਤੋਂ ਲੈਕੇ ਸਵੇਰੇ ਦੇ ਲੁੱਕਣ ਤੱਕ
ਹਾੜ ਦੇ ਕਹਿਰ ਤੋਂ ਲੈਕੇ ਸਾਉਣ ਝੜੀ ਮੁੱਕਣ ਤੱਕ
ਸੜਕਾਂ ਦੇ ਭਿੱਜਣ ਤੋਂ ਲੈਕੇ ਬੱਦਲਾਂ ਦੇ ਸੁੱਕਣ ਤੱਕ
ਦਾ ਸਫਰ ਸੱਚ ਜਾਣੀ, ਤੇਰੀਆਂ ਯਾਦਾਂ ਨਾਲ ਤਹਿ ਕਰਦਾ

ਪੱਤਿਆਂ ਦੇ ਡਿੱਗਣ ਤੋਂ ਫੁੱਲਾਂ ਦੇ ਖਿੜਣ ਤੱਕ
ਝੱਖੜਾਂ ਦੇ ਜਾਣ ਤੋਂ ਰੁੱਤਾਂ ਦੇ ਮੁੜਣ ਤੱਕ
ਚੰਨ ਦੇ ਠਰਨ ਤੋਂ ਸੂਰਜ ਦੇ ਸੜਣ ਤੱਕ
ਦਾ ਸਫਰ ਸੱਚ ਜਾਣੀਂ, ਤੇਰੀਆਂ ਯਾਦਾਂ ਨਾਲ ਤਹਿ ਕਰਦਾ

ਜੀਵਨ ਦੀ ਆਸ ਤੋਂ ਜ਼ਿੰਦਗੀ ਦੇ ਰੁਕਣ ਤੱਕ
ਦਿਲ ਦੇ ਧੜਕਣ ਤੋਂ ਸਾਹਾਂ ਦੇ ਮੁੱਕਣ ਤੱਕ
ਤਾਰਿਆਂ ਦੇ ਸੌਣ ਤੋਂ ਕੁੱਕੜਾਂ ਦੇ ਕੂਕਣ ਤੱਕ
ਦਾ ਸਫਰ ਸੱਚ ਜਾਣੀਂ, ਤੇਰੀਆਂ ਯਾਦਾਂ ਨਾਲ ਤਹਿ ਕਰਦਾ
○

## ਮੁਲਾਕਾਤਾਂ

ਮੈਨੂੰ ਅੱਧ ਵਿਚਾਲੇ ਟੰਗਿਆ
ਕਰ ਮੁਲਾਕਾਤਾਂ ਵਸਲ ਦੀਆਂ ਬਾਤਾਂ
ਤੇਰੇ ਬਿਨ ਜੀਅ ਕੇ ਮੈਂ ਕੀ ਕਰਨਾ

ਇਹ ਇਸ਼ਕ ਕੋਈ ਖੇਲ ਨਹੀਂ
ਅੱਜ ਜਾਂ ਕੱਲ੍ਹ ਕਰ ਮਸਲਾ ਹੱਲ ਕਰ
ਰੋਗ ਇਹ ਭੈੜਾ ਮੈਂ ਨਹੀਂ ਜਰਨਾ

ਸੀਨੇ ਫਿਕਰਾਂ ਦੌੜਦੀਆਂ
ਦੇ ਗਿਆ ਧੋਖੇ ਸਾਹਾਂ ਨੂੰ ਹੌਕੇ
ਕਦ ਤੂੰ ਔਣਾ ਵਾਪਿਸ ਦੱਸਜਾ

ਲੰਘਦਾ ਕੋਈ ਪਲ ਨਹੀਂ
ਪਿਆਰ ਨਾ ਤੱਕ ਕੇ ਥੋੜ੍ਹਾ ਜਿਆ ਜੱਕ ਕੇ
ਸਾਡੇ ਵੱਲ ਵੇਖ ਕੇ ਕੇਰਾਂ ਹੱਸਜਾ

ਤੂੰ ਤਾਂ ਤੁਰ ਗਿਐਂ ਸੱਜਣਾ ਵੇ
ਰਾਤਾਂ ਪ੍ਰਭਾਤਾਂ ਤੇਰੀਆਂ ਯਾਦਾਂ
ਮੈਨੂੰ ਸੱਚੀ ਮਾਰ ਮੁਕਾਉਣਾ

ਨਵੀਂ ਜਿੰਦਗੀ ਦੇ ਦਿਊਗਾ
ਮੋਏ ਹੋਏ ਦਿਲ ਨੂੰ ਰੂਹ ਵੀ ਖਿਲਜੂ
ਮੇਰੇ ਕੋਲ ਤੇਰਾ ਮੁੜਕੇ ਆਉਣਾ.

ਬੂਹੇ ਵਿੱਚ ਬੈਠੀ ਨੂੰ
ਰਾਹਾਂ ਵੀ ਹੱਸਣ ਨੈਣ ਤੈਨੂੰ ਤੱਕਣ
ਅੱਜ ਦੀ ਰਾਤ ਫਿਰ ਨੀ ਸੌਣਾ

ਆ ਕੋਲ ਦਿਲਬਰਾ ਵੇ
ਹਾੜ੍ਹ ਮਹੀਨੇ ਸੜੇ ਹੋਏ ਸੀਨੇ
ਤੇਰੇ ਬਿਨ ਹੋਰ ਨਹੀਂ ਮੈਂ ਜਿਉਣਾ

ਮੈਨੂੰ ਅੱਧ ਵਿਚਾਲੇ ਟੰਗਿਆ
ਕਰ ਮੁਲਾਕਾਤਾਂ ਵਸਲ ਦੀਆਂ ਬਾਤਾਂ
ਤੇਰੇ ਬਿਨ ਜੀਅ ਕੇ ਮੈਂ ਕੀ ਕਰਨਾ
O

## ਮੁਸਕਰਾਉਣਾ ਸ਼ੁਰੂ ਕਰ

ਚੱਲ ਦੇ ਆਪਣੀਆ ਉਦਾਸੀਆ ਮੈਨੂੰ
ਤੇ ਮੇਰ ਹਿੱਸ ਦਾ ਮੁਸਕਰਾਉਣਾ ਸ਼ੁਰੂ ਕਰ

ਮੈਂ ਤੇਰਾ ਨਾਮ ਹੋਰ ਗੂੜ੍ਹਾ ਕਰਕੇ ਲਿਖਦਾ ਵਾਂ
ਤੂੰ ਮੇਰਾ ਨਾਮ ਆਪਣੇ ਦਿਲ ਤੋਂ ਮਿਟਾਉਣਾ ਸ਼ੁਰੂ ਕਰ

ਤੇਰੇ ਕਹਿਣ 'ਤੇ ਰੱਖ ਲਏ ਦੁਨੀਆਂ ਦੇ ਰੀਤੀ-ਰਿਵਾਜ
ਤੂੰ ਸਾਡੀ ਮੁਹੱਬਤ ਨੂੰ ਉਹਨਾਂ ਅੱਗੇ ਝੁਕਾਉਣਾ ਸ਼ੁਰੂ ਕਰ

ਫ਼ਿਕਰ ਛੱਡ ਤੇਰੇ ਹਿਸੇ ਦਾ ਵੀ ਟੁੱਟ ਜਾਵਾਂ ਮੈਂ
ਤੂੰ ਆਪਣੀ ਨਵੀਂ ਜ਼ਿੰਦਗੀ ਸਜਾਉਣਾ ਸ਼ੁਰੂ ਕਰ

ਚੱਲ ਦੇਹ ਆਪਣੀਆਂ ਉਦਾਸੀਆਂ ਮੈਨੂੰ
ਤੇ ਮੇਰੇ ਹਿੱਸੇ ਦਾ ਮੁਸਕਰਾਉਣਾ ਸ਼ੁਰੂ ਕਰ

# ਸੋਚਾਂ ਤੋਂ ਸੋਹਣਾ

ਕਦੇ ਸੋਚਿਆ ਨਈਂ ਖ਼ਿਆਲੋਂ ਵੱਧ ਕੋਈ ਸੋਹਣਾ ਹੋਊ
ਪਰ ਤੂੰ ਤਾਂ ਮੇਰੀਆਂ ਸੋਚਾਂ ਤੋਂ ਵੀ ਸੋਹਣਾ ਏ
ਨਾ ਜਾਣੇ ਕਿਉਂ ਦਿਲ ਤੇਰੇ 'ਤੇ ਫਿਦਾ ਹੋਇਆ ਏ
ਤੱਕਣੀ ਤੇਰੀ ਨੂੰ ਕੋਈ ਇਲਮ ਤਾਂ ਹੋਣਾ ਏ

ਮੈਨੂੰ ਸਰਘੀ ਵੇਲੇ ਤੇਰੇ ਸੁਪਨੇ ਆਉਂਦੇ ਨੇ
ਤੇਰੇ ਵੀ ਖਿਆਲ ਮੇਰੇ ਵਿੱਚ ਨੇ ਖੋ ਜਾਂਦੇ
ਕੱਚੀ ਪੱਕੀ ਨੀਂਦਰ ਅੱਖਾਂ ਸੁਫ਼ਨੇ ਵੇਖਦੀਆਂ
ਮੈਂ ਸੁਣਿਆ ਇੱਕ ਦਿਨ ਉਹੋ ਸੱਚ ਨੇ ਹੋ ਜਾਂਦੇ
ਹਰ ਸਾਹ ਮੈਂ ਆਪਣਾ ਲੇਖੇ ਤੇਰੇ ਲਾਉਣਾ ਏ
ਤੂੰ ਤਾਂ ਮੇਰੀਆਂ ਸੋਚਾਂ ਤੋਂ ਵੀ ਸੋਹਣਾ ਏ

ਮੈਂ ਸੁਣਿਆ ਇਲਮ ਹੈ ਤੇਰੀ ਤੱਕਣੀ ਨੂੰ
ਤੇਰੇ ਵੇਖਣ ਦੇ ਨਾਲ ਵਹਿੰਦਾ ਪਾਣੀ ਖੜ੍ਹ ਜਾਂਦਾ
ਤੇਰੀ ਅੱਖ ਨਸ਼ੀਲੀ ਜਦ ਅੰਬਰ ਤੱਕਦੀ ਏ
ਤੇਰੇ ਚਿਹਰੇ ਦੇ ਰੰਗ ਵਰਗਾ ਫਿਰ ਦਿਨ ਚੜ੍ਹ ਜਾਂਦਾ
ਤੇਰੀ ਜ਼ਿੰਦਗੀ 'ਚੋਂ ਹਨੇਰਾ ਕੰਵਲ ਨੇ ਖੋਹਣਾ ਏ
ਤੂੰ ਤਾਂ ਮੇਰੀਆਂ ਸੋਚਾਂ ਤੋਂ ਵੀ ਸੋਹਣਾ ਏ

ਤੇਰੇ ਬੁੱਲ੍ਹਾਂ ਦੇ ਵਿੱਚ ਵੱਖਰਾ ਜਾਦੂ ਐ
ਕੰਡਿਆਂ ਨੂੰ ਚੁੰਮਦੀ ਏਂ ਉਹ ਫੁੱਲ ਨੇ ਬਣ ਜਾਂਦੇ
ਹੱਸਦੀ ਜਦ ਧਰਤੀ ਤੇਰੇ ਨਾ ਹੱਸਦੀ ਐ
ਜਦ ਚੀਕੇਂ ਭਰੇ ਭਰਾਏ ਬੱਦਲ ਫੱਟ ਜਾਂਦੇ
ਰਿਸ਼ਤਾ ਤੇਰਾ ਕੁਦਰਤ ਨਾਲ ਗੂੜ੍ਹਾ ਏ
ਤੂੰ ਤਾਂ ਮੇਰੀਆਂ ਸੋਚਾਂ ਤੋਂ ਵੀ ਸੋਹਣਾ ਏ

## ਨਾ ਪੁੱਛ

ਨਾ ਪੁੱਛ ਜ਼ਿੰਦਗੀ ਵਿੱਚ ਦੁੱਖ ਕਿੰਨਾ
ਤੇਰੇ ਨਹਾਉਣ ਜੋਗਾ ਪਾਣੀ ਪਲ 'ਚ ਵਹਾ ਦਈਏ

ਇੰਨੀ ਚੀਸ ਹੈ ਸਾਡੇ ਸੀਨੇ ਸੱਜਣਾ
ਕਿ ਰੋ ਰੋ ਇੱਕ ਅਲੱਗ ਸਮੁੰਦਰ ਬਣਾ ਦਈਏ

ਖ਼ਾਬਾਂ ਵਿੱਚ ਤੂੰ ਆਉਣਾ ਛੱਡਤਾ
ਇੰਨੀ ਭੈੜੀ ਵੀ ਨਾ ਸਜ਼ਾ ਦਈਏ

ਇੰਨਾ ਦਰਦ ਹੈ ਜ਼ਿੰਦਗੀ ਸਾਡੀ
ਤੂੰ ਹੀ ਦੱਸ ਅਸੀਂ ਕਹਾਂ ਜਾਈਏ?

ਛੱਡ ਕੋਈ ਹੋਰ ਗੁਫਤਗੂ ਕਰਦੇ ਆ
ਤੂੰ ਦੱਸ ਕੀ ਤੈਨੂੰ ਵੀ ਹਸਾ ਜਾਈਏ?

○

# ਤੇਰਾ ਸ਼ਹਿਰ

ਚਿਹਰਿਆਂ 'ਤੇ ਨਕਾਬ ਦਿਲ ਵਿੱਚ ਜ਼ਹਿਰ ਯਾਰਾ
ਹਰ ਰੂਹ ਵਿੱਚ ਨਫਰਤ ਤੇਰਾ ਕਿੱਦਾਂ ਦਾ ਸ਼ਹਿਰ ਯਾਰਾ
ਇੱਥੋਂ ਦੀ ਇਹ ਪੱਤਝੜ ਵੇਖ ਕੇ ਲੱਗਦਾ ਏ
ਵਰ੍ਹਿਆ ਇਸ ਉੱਤੇ ਵੀ ਹੁਸਨ ਦਾ ਕਹਿਰ ਯਾਰਾ
ਹਰ ਰੂਹ ਵਿੱਚ ਨਫ਼ਰਤ ਤੇਰਾ ਕਿੱਦਾਂ ਦਾ ਸਹਿਰ ਯਾਰਾ

ਮੰਨਿਆ ਤੇਰੇ ਸ਼ਹਿਰ ਤੇਰਾ ਕੋਈ ਸਾਥੀ ਹੋਊ
ਮਲਖ ਤੇਰੇ ਦਾ ਰੱਬ ਜਿਸਮਾਂ ਦਾ ਆਦੀ ਹੋਊ
ਹਰ ਗਲੀ ਮੁਹੱਲੇ ਲਿੱਬੜੇ ਦਿਲ ਨੇ ਖ਼ੈਰ ਯਾਰਾ
ਹਰ ਰੂਹ ਵਿੱਚ ਨਫਰਤ ਤੇਰਾ ਕਿੱਦਾਂ ਦਾ ਸ਼ਹਿਰ ਯਾਰਾ

ਪਿਆਰ ਫਜ਼ਲ ਮੁਹੱਬਤ ਨਾਟਕ ਤੇਰੇ ਲਈ
ਇਸਕ ਖ਼ੁਦਾ ਮੇਰੇ ਲਈ ਮਖੌਲ ਹੈ ਤੇਰੇ ਲਈ
ਅਸਲੀਲਤਾ ਦੀ ਮੰਡੀ ਜਾਂਦੇ ਤੇਰੇ ਪੈਰ ਯਾਰਾ
ਹਰ ਰੂਹ ਵਿੱਚ ਨਫ਼ਰਤ ਤੇਰਾ ਕਿੱਦਾਂ ਦਾ ਸ਼ਹਿਰ ਯਾਰਾ

ਹਰ ਇੱਕ ਦੇ ਨਾਲ ਦਗਾ ਕਮਾਉਣਾ ਲਹਿਜਾ ਜਿੱਥੇ
ਭੁੱਲਕ ਆਪਣੇ ਖ਼ੁਦਾ ਨੂੰ ਕਹਿੰਦੇ ਬਹਿਜਾ ਇੱਥੇ
ਕਦੇ ਇਨਸਾਨੀਅਤ ਦੇ ਨੇੜੇ ਹੋ ਠਹਿਰ ਯਾਰਾ
ਹਰ ਰੂਹ ਵਿੱਚ ਨਫ਼ਰਤ ਤੇਰਾ ਕਿੱਦਾਂ ਦਾ ਸ਼ਹਿਰ ਯਾਰਾ

ਮਹੱਬਤ ਦਾ ਨਾਮ ਲੈਣਾ ਵੀ ਗੁਨਾਹ ਕਹਿੰਦੇ
ਵਫਾ ਕਮਾਵਣ ਵਾਲੇ ਨੂੰ ਵੀ ਸਜ਼ਾ ਦੇਂਦੇ
ਇਹ ਕੈਸੀ ਚੱਲੀ ਦੁਨੀਆਂ ਉੱਤੇ ਲਹਿਰ ਯਾਰਾ
ਹਰ ਰੂਹ ਵਿੱਚ ਨਫਰਤ ਤੇਰਾ ਕਿੱਦਾਂ ਦਾ ਸਹਿਰ ਯਾਰਾ
○

## ਤੇਰਾ ਨਾਮ

ਤੇਰੇ ਸ਼ਹਿਰ ਦਾ ਨਕਸਾ ਮੇਰੇ ਦਿਲ 'ਤੇ ਛਪਿਆ ਏ
ਉਨਾਂ ਤੇਰੇ ਸ਼ਹਿਰ ਦਾ ਸੂਰਜ ਨੀਂ ਮੱਘਦਾ ਹੋਣਾ
ਜਿੰਨਾ ਤੇਰੇ ਵਿਛੜੇ 'ਚ ਮੇਰਾ ਦਿਲ ਤਪਿਆ ਏ
ਕਾਜ਼ੀ ਵੀ ਤੜਕੇ ਉੱਠ ਨਮਾਜ਼ ਨਹੀਂ ਪੜ੍ਹਦਾ ਹੋਣਾ
ਜਿਸ ਵੇਲੇ-ਕੁਵੇਲੇ ਅਸਾਂ ਤੇਰਾ ਨਾਮ ਜਪਿਆ ਏ
ਤੇਰੀਆਂ ਅੱਖਾਂ 'ਚ ਨੀਂਦ, ਨੀਂਦ 'ਚ ਖ਼੍ਵਾਬ ਰਹਿਣ
ਮੈਂ ਤਾਂ ਦਿਲ ਦੀ ਕਬਰ 'ਚ ਆਪਣਾ ਹਰ ਖ਼੍ਵਾਬ ਨੱਪਿਆ ਏ
ਸਾਡੀ ਜ਼ਿੰਦਗੀ ਦੀ ਕਿਤਾਬ ਜਦ ਚਾਹੇਂ ਫਰੋਲ ਲਵੀਂ
ਹਰ ਅਫ਼ਸਾਨੇ 'ਚ ਤੇਰਾ ਨਾਮ ਖ਼ੁਦਾ ਰੱਖਿਆ ਏ
O

## ਹਕੀਕਤ

ਤੇਰੇ ਖਿਆਲਾਂ 'ਚ ਹਰ ਪ੍ਰਭਾਤ ਗੁਜ਼ਰੀ
ਤੇਰੀ ਯਾਦ 'ਚ ਹਰ ਦੁਪਹਿਰ ਨਿਕਲੀ
ਸ਼ਾਮ ਨੂੰ ਜਦ ਵੀ ਸੂਰਜ ਡੁੱਬਿਆ
ਦਿਲ ਸਾਗਰ 'ਚੋਂ ਯਾਦ ਬਣ ਲਹਿਰ ਨਿਕਲੀ
ਕੱਲ੍ਹ ਰਾਤ ਦਾ ਕਿੱਸਾ ਦੱਸਦਾ ਵਾ
ਮੇਰੀ ਰੂਹ ਰਾਖ ਬਣ ਹਵਾ 'ਚ ਘੁਲਕੇ
ਤੇਰੇ ਸੁੱਤੀ ਦੇ ਛੂਹ ਕੇ ਪੈਰ ਨਿਕਲੀ
ਅੱਖਾਂ ਟੱਡ ਅੰਬਰ ਵੱਲ ਤੱਕਦਾ ਸਾਂ
ਤਾਰਾ ਟੁੱਟਿਆ ਮੂੰਹੋਂ ਤੇਰੀ ਖ਼ੈਰ ਨਿਕਲੀ
O

## ਨਮਾਜ਼

ਇੰਨਿਆਂ ਖ਼ੁਦਾਵਾਂ 'ਚੋਂ,
ਕਿਹੜਾ ਰੱਬ ਜੋੜੀਆਂ ਬਣਾਉਂਦਾ ਤੇ ਮਿਲਾਉਂਦਾ ਦਿਲ ਹੈ
ਦੱਸ ਕਿਹੜੀ ਮੈਂ ਨਮਾਜ ਪੜ੍ਹਾਂ, ਜਿਸ ਨਾਲ ਮੈਨੂੰ ਤੂੰ ਮਿਲਜੇਂ
ਇਕੱਲੇ ਇਸ ਜਨਮ ਨਹੀਂ ਸੱਤੇ ਜਨਮਾਂ ਲਈ ਤੂੰ ਮਿਲਜੇਂ

ਤੇਰਿਆਂ ਖਿਆਲਾਂ 'ਚ ਦਿਨ ਬੀਤ ਜਾਂਦਾ
ਰਾਤ ਲੰਘ ਜਾਂਦੀ ਤੇਰਿਆਂ ਹੀ ਖ਼੍ਵਾਬਾਂ 'ਚ
ਤੇਰਾ ਹੀ ਜ਼ਿਕਰ ਰਹਿੰਦਾ ਮੇਰੀ ਜ਼ੁਬਾਨ 'ਤੇ
ਤੇਰੇ ਬਾਰੇ ਹੀ ਮੈਂ ਲਿਖਦਾ ਕਿਤਾਬਾਂ 'ਚ
ਸੱਚ ਜਾਣੀ ਉੱਥੇ ਵੇ ਘੱਟਦਾ ਨੀਂ ਪਿਆਰ
ਜਿੱਥੇ ਰੂਹ ਨਾਲ ਰੂਹ ਮਿਲਜੇ
ਦਸ ਕਿਹੜੀ ਮੈਂ ਨਮਾਜ਼ ਪੜ੍ਹਾਂ
ਜਿਸ ਨਾਲ ਮੈਨੂੰ ਤੂੰ ਮਿਲਜੇਂ

ਸੱਚੀਆਂ ਮੁਹੱਬਤਾਂ ਪੂਰੀਆਂ ਨਾ ਹਈਆਂ
ਕਈ ਜੱਗ ਉੱਤੇ ਜਾਤਾਂ-ਪਾਤਾਂ ਕਰਕੇ
ਤੂੰ ਵੀ ਨਾ ਸੁਣਿਆ ਰੱਬ ਵੀ ਨਾ ਮੰਨਿਆ
ਰਇਆ ਬੜਾ ਰਾਤ ਅੱਖਾਂ ਭਰਕੇ
ਖ਼ੁਦਾ ਨੂੰ ਖ਼ੁਦਾਵਾਂ ਦੇ ਖ਼ੁਦਾਵਾ ਤੋਂ ਮੈਂ ਦੇਖਲੀ
ਮਾਰ ਹੋ ਪਵਾਉਣੀ ਖਿੱਜਕੇ
ਦੱਸ ਕਿਹੜੀ ਮੈਂ ਨਮਾਜ ਪੜ੍ਹਾਂ
ਜਿਸ ਨਾਲ ਮੈਨੂੰ ਤੂੰ ਮਿਲਜੇਂ

ਵੇਖ ਓਦਾ ਮੁੱਖ ਜਿੰਨਾ ਮਿਲਦਾ ਸਕੂਨ
ਨਾ ਮਿਲਦਾ ਮੰਦਿਰ ਮਸਜਿਦ 'ਚ
ਅੜੀ ਏ ਦੋਹਾਂ ਦੀ ਸਾਡੀ ਇੱਕ-ਮਿੱਕ ਹੋਣ ਦੀ
ਬੈਠਾ ਏਂ ਕਿਉਂ ਰੱਬਾ ਤੂੰ ਵੀ ਜਿੱਦ 'ਚ
ਕਿੱਥੇ ਹੈ ਕਲਮ ਤੇਰੀ ਚੱਲ ਚੁੱਕ ਅੱਲਾ ਮੇਰੇ
ਇੱਕੋ ਸਾਡਾ ਰਾਹ ਲਿਖਦੇ
ਦੱਸ ਕਿਹੜੀ ਮੈਂ ਨਮਾਜ਼ ਪੜ੍ਹਾਂ
ਜਿਸ ਨਾਲ ਮੈਨੂੰ ਤੂੰ ਮਿਲਜੇਂ

ਆਪਣੇ ਬਾਰੇ ਨਾ ਹੁਣ ਸੋਚਦਾ ਜ਼ਮਾਨਾ
ਲੋਕ ਬੋਲਣਗੇ ਕੀ-ਕੀ ਨੇ ਸੋਚਦੇ
ਧਰਮਾਂ ਦੇ ਵਿੱਚ ਉਲਝੇ ਨੇ ਸਭ ਫਿਰਦੇ
ਬਾਕੀ ਲੋਕ ਚੰਨ 'ਤੇ ਵੀ ਪਹੁੰਚਗੇ
ਆਪਣੀਆਂ ਖੁਸ਼ੀਆਂ ਲਈ ਕਿਸੇ ਦੀ ਖੁਸ਼ੀ ਖੋਹਦੇ
ਅਗਲਾ ਚਾਹੇ ਓ ਮਰ ਮਿਟਜੇ
ਦੱਸ ਕਿਹੜੀ ਮੈਂ ਨਮਾਜ ਪੜ੍ਹਾ
ਜਿਸ ਨਾਲ ਮੈਨੂੰ ਤੂੰ ਮਿਲਜੇਂ
o

## ਆਕੜਖੋਰ

ਉਦਾਸੀਆ ਮਿਲਣ ਨੂੰ ਰਹਿਣ ਪਿਆਸੀਆਂ
ਜੋ ਰੋਜ਼ਾਨਾ ਮਿਲਣ ਲਈ ਆਉਂਦੀਆਂ ਨੇ
ਖ਼ੁਸ਼ੀਆਂ ਤਾਂ ਆਕੜਖੋਰ ਹੁੰਦੀਆਂ
ਜੋ ਕਦੇ-ਕਦਾਈਂ ਘਰ ਆਉਂਦੀਆਂ ਨੇ

ਚੰਮ ਦਾ ਚੈਨ ਹੈ ਵੈਰੀ ਬਣਿਆ
ਆਰਾਮ ਨਾ ਰੂਹ ਨੂੰ ਥਿਆਵੇ
ਜਦ ਵੀ ਆਉਂਦਾ ਨਾਲ ਹੀ ਆਉਂਦਾ
ਸਾਹ ਨਾ ਦੁੱਖ ਵੀ ਆਵੇ

ਕਿੱਥੇ ਖ਼ੁਦਾ ਅਦਾਲਤ ਤੇਰੀ
ਅਰਜ਼ੀ ਸਾਡੀ ਫਰੋਲ
ਮੇਰਾ ਹੀ ਦਿਲ ਢੂੰਡਿਆ ਤੈਨੂੰ
ਬੋਲ ਖ਼ੁਦਾ ਵੇ ਬੋਲ
o

## ਗੱਲ ਆਮ

ਦੇਖ ਕੇ ਬੇਨਜ਼ਰ ਕਰ ਦੇਣਾ
ਗੱਲ ਆਮ ਨੀ ਹੁੰਦੀ
ਦਿਲ ਨੂੰ ਕਬਰ ਕਰ ਲੈਣਾ
ਗੱਲ ਆਮ ਨੀ ਹੁੰਦੀ
ਸੁਫਨੇ ਦਫਨ ਕਰ ਲੈਣਾ
ਗੱਲ ਆਮ ਨੀ ਹੁੰਦੀ
ਜਜ਼ਬਾਤ ਕਫ਼ਨ ਕਰ ਲੈਣਾ
ਗੱਲ ਆਮ ਨੀ ਹੁੰਦੀ
ਬੇਰੁਖੀਆਂ ਹਜ਼ਮ ਕਰ ਲੈਣਾ
ਗੱਲ ਆਮ ਨੀ ਹੁੰਦੀ
ਲਫਜ਼ਾਂ ਨੂੰ ਨਜ਼ਮ ਕਰ ਲੈਣਾ
ਗੱਲ ਆਮ ਨੀ ਹੁੰਦੀ
ਉੱਜੜੇ ਨੂੰ ਫਸਲ ਕਰ ਲੈਣਾ
ਗੱਲ ਆਮ ਨੀ ਹੁੰਦੀ
ਇਸ਼ਕ ਦਾ ਸਫਰ ਕਰ ਲੈਣਾ
ਗੱਲ ਆਮ ਨੀ ਹੁੰਦੀ
o

## ਖਾਮੋਸ਼ੀ

ਇੰਨੀ ਖਾਮੋਸ਼ੀ ਹੈ ਮੇਰੇ ਦਿਲ ਦੀ ਕਬਰ ਵਿੱਚ
ਕਿ ਤੈਨੂੰ ਕਬਰਸਤਾਨ ਵੀ ਰੌਣਕੀ ਜਿਹੇ ਲੱਗਣਗੇ
○

## ਡੁੱਲਦੇ-ਡੁੱਲਦੇ

ਤੇਰੇ ਤੇ ਡੁੱਲਦੇ-ਡੱਲਦੇ ਨੇ
ਮੈਂ ਆਪਣਾ ਆਪ ਮੁਕਾ ਲਿਆ
○

## ਚਿਹਰਾ

ਮੈਂ ਹਾੜ੍ਹ ਦੇ ਦਿਨ ਵੀ ਦੇਖੇ ਨੇ
ਮੈਂ ਪਿਆਰ ਦੇ ਦਿਨ ਵੀ ਦੇਖੇ ਨੇ

ਮੈਂ ਵਸਲਾਂ ਦੇ ਦਿਨ ਦੇਖੇ ਨੇ
ਮੈਂ ਉਜਾੜ ਦੇ ਦਿਨ ਵੀ ਦੇਖੇ ਨੇ

ਅਸੀ ਓਸ ਚੁਬਾਰਿਓਂ ਗਿਰ ਗਏ
ਜਿੱਥੇ ਮੁੜਕੇ ਚੜ੍ਹਿਆ ਨਾ ਗਿਆ

ਅਸੀਂ ਇਸ਼ਕ ਕਿਤਾਬਾਂ ਪੜ੍ਹ ਬੈਠੇ
ਤੇਰਾ ਚਿਹਰਾ ਪੜ੍ਹਿਆ ਨਾ ਗਿਆ
o

## ਦੱਸ ਵੀ ਦਈਏ

ਇੱਕ ਅੱਧਾ ਸੁੱਖ ਹੋਵੇ ਤਾ ਹੱਸ ਵੀ ਦਈ ਏ
ਮੇਰਾ ਹਾਲ ਜੇ ਤੂੰ ਪੁੱਛੇ ਤਾ ਦੱਸ ਵੀ ਦਈ ਏ

ਕੰਧ ਵਿੱਚੋਂ ਅੱਖਾਂ ਕੱਢ ਵੇਂਹਦੇ ਨੇ, ਲੋਕਾਂ ਨੂੰ ਹੁਣ ਦੱਸ ਕੀ ਕਹੀ ਏ
ਕੀ ਚੱਲਦਾ ਹੈ ਸਾਹ ਦੇ ਬੀਤਰ, ਹੁਣ ਆਪਣਾ ਰਹੱਸ ਵੀ ਦਈ ਏ

ਤੇਰਾ ਮੈਨੂੰ ਵੱਖ ਹੋਣਾ ਤਾਂ, ਪਹਿਲੇ ਦਿਨ ਤੋਂ ਰਾਸ ਨਹੀਂ
ਰਹਿੰਦੇ ਸਾਂ ਤੇਰੇ ਹਾਸਿਆਂ ਨਾਲ, ਹੁਣ ਤਾਂ ਹਿਜ਼ਰਾਂ ਨਾਲ ਵੀ ਰਈ ਏ

ਖੜ੍ਹਦੇ ਸਾ ਜੁੜ ਨਾਲ ਕਦੇ, ਲਵੇਂ ਦੂਰੋਂ ਨੀਵੀ ਪਾ ਵੀ ਸਈ ਏ
ਵੇਲਾ ਹੋ ਗਿਆ ਚਾਹ ਦਾ ਸੱਜਣਾ, ਚੱਲ ਖਾਂ ਤੇਰੀ ਯਾਦ ਨਾ ਬਈ ਏ

ਕੋਲ ਰਹਿਲਾ ਜਾਂ ਵੱਖ ਹੋ ਲੈ, ਤੇਰੇ ਸਵਾਲ ਜਵਾਬ ਵੀ ਸਈ ਏ
ਜਿਸਰਾ ਰੱਖਣਾ ਰੱਖ ਲਾ ਸਾਨੂੰ ਅਸੀਂ ਤਾ ਉਸੇ ਹਾਲ 'ਚ ਰਈ ਏ
○

## ਮਰਿਆ ਮਰਿਆ

ਬਹਾਰਾਂ ਵਿੱਚ ਮੈਂ ਝੜਿਆ ਝੜਿਆ ਰਹਿੰਦਾ ਵਾਂ,
ਤੇਰੇ ਖ਼੍ਵਾਬਾਂ ਦੀ ਸੂਲੀ ਚੜ੍ਹਿਆ ਚੜ੍ਹਿਆ ਰਹਿੰਦਾ ਵਾਂ।

ਚੱਲਦੇ ਸਮੇਂ ਵਿੱਚ ਖੜਿਆ ਖੜਿਆ ਰਹਿੰਦਾ ਵਾਂ,
ਜਿਉਂਦੀ ਦੁਨੀਆਂ ਵਿੱਚ ਮਰਿਆ ਮਰਿਆ ਰਹਿੰਦਾ ਵਾਂ।

ਜ਼ਿਆਦਾ ਬਣਨ ਲੱਗ ਪਈ ਰਾਤਾਂ ਨਾਲ ਮੇਰੀ,
ਕੀ ਕਰਾਂ, ਸਵੇਰਿਆਂ ਨਾਲ ਜੋ ਲੜਿਆ ਲੜਿਆ ਰਹਿੰਦਾ ਵਾਂ।

ਆਖ਼ਰੀ ਵਾਰ ਤਾਂ ਤੇਰੇ ਨਾਲ ਖੁੱਲ੍ਹ ਕੇ ਹੱਸਿਆ ਸਾਂ,
ਹੋਰਾਂ ਵਿੱਚ ਬਹਿਕੇ ਤਾਂ ਮੈਂ ਸੜਿਆ ਸੜਿਆ ਰਹਿੰਦਾ ਵਾਂ।

ਬਹਾਰਾਂ ਵਿੱਚ ਮੈਂ ਝੜਿਆ ਝੜਿਆ ਰਹਿੰਦਾ ਵਾਂ,
ਤੇਰੇ ਖ਼੍ਵਾਬਾਂ ਦੀ ਸੂਲੀ ਚੜਿਆ ਚੜਿਆ ਰਹਿੰਦਾ ਵਾਂ

○

## ਕਾਫਿਰ ਕਾਫਿਰ

ਸਾਹ ਤਾਂ ਚਲਦੇ ਸੀ ਪਰ ਕੋਈ ਸੂਰਤ ਨਹੀਂ ਸੀ
ਛੱਲਾ ਇੱਦਾਂ ਸੁੱਟਿਆ ਜਿਵੇਂ ਜਰੂਰਤ ਨਹੀਂ ਸੀ

ਸਾਨੂੰ ਹੋਰਾਂ ਮੂਹਰੇ ਕਾਫਿਰ-ਕਾਫਿਰ ਦੱਸਦੈਂ
ਵੈਸੇ ਤਾਂ ਰੱਬ ਦੀ ਤੂੰ ਵੀ ਕੋਈ ਮੂਰਤ ਹੀ ਸੀ

ਬਦਸੂਰਤ, ਕਸੋਹਣੀ, ਮੈਲੀ ਹੋਰ ਕੀ ਕੁੱਝ ਕਹਿੰਦੈਂ
ਫੁੱਲਾਂ ਵਾਂਗਰ ਸਹਣੀ ਤੇਰੀ ਵੀ ਸੂਰਤ ਨਹੀਂ ਸੀ

ਤੈਨੂੰ ਮਲਕ ਜਿੰਦੜੀ ਦੇ ਸਾਰੇ ਹੱਕ ਦੇ ਛੱਡੇ
ਤਾਂ ਹੀ ਦਿਲ ਮਰੋੜ ਪਾਸੇ ਕਰ ਗਿਐਂ

ਉਝ ਕਈ ਸਾਡ ਵਲ ਅੱਖ ਵੀ ਚੁੱਕ ਕੇ ਵੇਖੇ
ਉਇ ਕਿਸ 'ਚ ਇੰਨੀ ਜੁਅਰਤ ਨਹੀ ਸੀ

○

## ਕੀ ਹਾਲ

ਸਾਨੂੰ ਕਈ ਤਰ੍ਹਾਂ ਦੀਆਂ ਮਰਜ਼ਾਂ ਨੇ
ਕਿਸੇ ਹਾਲ ਨਾ ਪੁੱਛਿਆ ਮੇਰਾ
ਖ਼ਸ਼ੀਆਂ ਨਾਂਹ ਬਰੋਬਰ ਅਤੇ
ਜ਼ਿੰਦਗੀ ਵਿੱਚ ਗ਼ਮ ਬਥੇਰਾ
ਸਾਰੀ ਉਮਰ ਰੋ ਰੋ ਲੰਘਾਈ
ਰਿਹਾ ਚਾਰ ਚੁਫੇਰੇ ਹਨੇਰਾ
ਅਸਾਂ ਰਾਤਾਂ ਨਾਲ ਸਾਂਝ ਪਾਈ
ਦੱਸ ਕੀ ਕਰਾਂ ਮੈਂ ਸਵੇਰਾ
ਮੇਰੀ ਛੱਡ ਤੂੰ ਆਪਣੀ ਦੱਸ
ਕੀ ਹਾਲ ਏ ਤੇਰਾ, ਕੀ ਹਾਲ ਏ ਤੇਰਾ?

## ਕਮੀ

ਕਿਸੇ ਹਿੱਸੇ ਆਇਆ ਦੁੱਖਾਂ ਦਾ ਸਾਗਰ
ਕਿਸੇ ਹਿੱਸੇ ਜ਼ਿੰਦਗੀ ਹਸੀਨ ਆਈ ਏ
ਕਿਤੇ ਨਾ ਕਿਤੇ ਕਮੀ ਰਹਿ ਜਾਂਦੀ ਹੈ
ਆਸਮਾਨ ਹਿੱਸੇ ਕਿਹੜਾ ਜ਼ਮੀਨ ਆਈ ਏ
o

## ਜ਼ੁਰਮ ਹੈ

ਬਿਨ ਦੱਸੇ ਕਿਸੇ ਆਪਣੇ ਤੋਂ ਹੋਣਾ ਸੱਖਣਾ ਵੀ ਤਾਂ ਜ਼ੁਰਮ ਹੈ
ਯਾਰ ਬਣਾ ਕੇ ਤੇ ਮਿੰਟ ਪੰਜ ਨਾ ਕੱਢਣਾ ਵੀ ਤਾਂ ਜ਼ੁਰਮ ਹੈ
ਮਾਰਦੇ ਬੰਨ੍ਹ ਦਿਲ 'ਚ ਵਹਿੰਦੇ ਇਸ਼ਕ ਦੇ ਸਾਗਰਾਂ ਨੂੰ
ਕਿਸੇ ਨੂੰ ਜ਼ਬਰਦਸਤੀ ਜ਼ਿੰਦਗੀ 'ਚ ਰੱਖਣਾ ਵੀ ਤਾਂ ਜ਼ੁਰਮ ਹੈ

ਜਿਸ ਨੇ ਆਵਾਜ ਨਾ ਸੁਣੀ ਉਸਤੇ ਲਫ਼ਜ ਕੀ ਅਸਰ ਕਰਨਗੇ
ਜੋ ਖ਼ੁਦ ਉਲਝੇ ਫਿਰਦੇ ਨੇ ਉਹ ਤੈਨੂੰ ਕੀ ਵਸਲ ਕਰਨਗੇ
ਬੜਾ ਔਖਾ ਹੈ ਮਨ ਸਮਝਾ ਕੇ ਸੁੱਤਾ ਏਂ ਕੰਵਲਾ
ਫਿਰ ਤੂੰ ਨਾ ਆਸ ਜਗਾਲੀ ਕਿ ਉਹ ਤੇਰੇ ਵੱਲ ਨਜਰ ਕਰਨਗੇ

ਤੈਨੂੰ ਚਾਹੁਣ ਲਈ ਜੋ ਹਰ ਹੱਦ ਟੱਪੇ ਤਾਂ ਕਿਆ ਹੀ ਬਾਤ ਹੋਵੇ
ਤੈਨੂੰ ਪੌਣ ਲਈ ਦੁਨੀਆਂ ਦਾ ਹੱਥ ਛੱਡੇ ਤਾਂ ਕਿਆ ਹੀ ਬਾਤ ਹੋਵੇ
ਰੁਝੇਵੇਂ ਤਾਂ ਹਰ ਇੱਕ ਦੀ ਜ਼ਿੰਦਗੀ 'ਚ ਹੁੰਦੇ ਨੇ ਕੰਵਲਾ
ਪਰ ਜੋ ਵਕਤ 'ਚੋਂ ਤੇਰੇ ਲਈ ਵਕਤ ਕੱਢੇ ਤਾਂ ਕਿਆ ਹੀ ਬਾਤ ਹੋਵੇ
○

## ਰੱਬ ਕਹਿੰਦਾ

ਲਾਪਤਾ ਸੀ ਦਿਲ ਦਿਮਾਗ ਮੇਰਾ
ਇਸ਼ਕੇ ਦੀਆਂ ਤੰਦਾਂ 'ਚ ਰੰਗਿਆ
ਰੱਬ ਕਹਿੰਦਾ ਮੈਂ ਮੰਨ ਤਾਂ ਜਾਂਦਾ
ਤੇਰੇ ਸੱਜਣ ਨਾ ਕਦੇ ਸੀ ਤੈਨੂੰ ਮੰਗਿਆ

ਮੁਸੀਬਤ ਔਕੜਾਂ ਹੰਝੂ ਰੋਸੇ
ਰਿਸ਼ਤਿਆਂ ਦੇ ਵਿੱਚ ਆਉਂਦੇ ਨੇ
ਜੇ ਕਿਸੇ ਨੂੰ ਪੌਣ ਦੀ ਚਾਹ ਹੋਵੇ
ਉਹ ਅਣਹੋਣੀ ਕਰ ਦਿਖਾਉਂਦੇ ਨੇ
ਉਹ ਡਰਨ ਨਾ ਤੇਜ਼ ਫਿਜ਼ਾਵਾਂ ਤੋਂ
ਜਿਨ੍ਹਾਂ ਤੂਫਾਨ ਹੋਵੇ ਸੀਨੇ ਝੱਲਿਆ
ਉਸ ਘਰ ਕਦੇ ਥਾਂ ਨਹੀਂ ਮਿਲਦੀ
ਜਿਸਦਾ ਵਿਹੜਾ ਕਿਸੇ ਹੋਵੇ ਮੱਲਿਆ
ਰੱਬ ਕਹਿੰਦਾ ਮੈਂ ਮੰਨ ਤਾਂ ਜਾਂਦਾ
ਤੇਰੇ ਸੱਜਣ ਨਾ ਕਦੇ ਸੀ ਤੈਨੂੰ ਮੰਗਿਆ
o

## ਬਿਨਾਂ ਦੱਸੇ

ਬਿਨਾਂ ਦੱਸੇ ਦੂਰ ਤੂੰ ਜਾ ਰਿਹਾ ਏਂ ਨਾ
ਹੌਲੀ-ਹੌਲੀ ਮਨ ਸਮਝਾ ਰਿਹਾ ਏਂ ਨਾ
ਸਾਰੀ ਜ਼ਿੰਦਗੀ ਹਵਾਲੇ ਕਰਿਆ ਸੀ ਜੋ
ਦਿਲ ਮੇਰੀ ਕੈਦ ਵਿੱਚੋਂ ਛੁੜਵਾ ਰਿਹਾ ਏਂ ਨਾ

ਸਾਰੇ ਦਿਨ ਵਿੱਚ ਅੱਧਾ ਘੰਟਾ ਵੀ ਨਾ ਗੱਲ ਕਰਨਾ
ਤਕਲੀਫ ਤਾਂ ਦੇਂਦਾ ਏ ਪਰ ਸਹਿੰਦਾ ਹਾਂ ਨਾ
ਤੇਰਾ ਇਕਸਾਰ ਤੋਂ ਇੱਕ ਵਾਰ ਵੀ ਨਾ ਰੀਝ ਲਾ ਤੱਕਣਾ
ਤਕਲੀਫ ਤਾਂ ਦੇਂਦਾ ਏ ਪਰ ਸਹਿੰਦਾ ਹਾਂ ਨਾ
ਤੇਰਾ ਅਚਾਨਕ ਬਦਲ ਜਾਣਾ ਵੀ
ਤਕਲੀਫ ਤਾਂ ਦੇਂਦਾ ਏ ਪਰ ਸਹਿੰਦਾ ਹਾਂ ਨਾ
ਤੇਰਾ ਮੈਨੂੰ ਆਪਣੇ ਖ਼ੁਆਬਾਂ 'ਚੋਂ ਬੇਦਖਲ ਕਰ ਦੇਣਾ
ਤਕਲੀਫ ਤਾਂ ਦੇਂਦਾ ਏ ਪਰ ਸਹਿੰਦਾ ਹਾਂ ਨਾ

ਰੋਜ਼ ਸੂਰਜ ਚੜ੍ਹ ਕੇ ਧੱਪਦਾ ਤੱਪਦਾ ਮੈਨੂੰ ਸਮਝਾਉਂਦਾ
ਥੱਕ ਹਾਰ ਕੇ ਠੰਡਾ ਜਿਆ ਹੋ ਕੇ ਡੁੱਬ ਜਾਂਦਾ
ਤੇ ਚੰਨ ਚੜ੍ਹਦਾ ਮੈਨੂੰ ਇੱਕੋ ਸਵਾਲ ਕਰਦਾ
ਕਿ ਤੂੰ ਹਲੇ ਵੀ ਉਸਦੀ ਯਾਦ 'ਚ ਗੁੰਮਿਆਂ ਫਿਰਦਾਂ?

ਮੇਰਾ ਅਕਸਰ ਉਸਨੂੰ ਇਹੀ ਜਵਾਬ ਹੁੰਦਾ
ਕਿ ਤੇਰਾ ਇੰਨੀ ਉੱਪਰ ਬੈਠੇ ਦਾ ਮੈਨੂੰ ਕੀ ਭਾਅ?
ਤੂੰ ਮੈਨੂੰ ਸਵਾਲ ਕਰਨ ਦੀ ਬਜਾਏ
ਮੇਰੇ ਸਵਾਲਾਂ ਦੇ ਜਵਾਬ ਕਿਉਂ ਨਈਂ ਲੱਭ ਦੇਂਦਾ

ਦੱਸ ਕੀ ਮੇਰਾ ਮਹਿਬੂਬ ਵੀ ਰਾਤ ਜਾਗ-ਜਾਗ ਕੱਢਦਾ
ਜਾਂ ਫਿਰ ਉਹ ਵੀ ਹੋਰਾਂ ਵਾਂਗ ਬੇਫਿਕਰਾ ਹੋ ਸੌਂ ਜਾਂਦਾ?
ਬੱਸ ਫਿਰ ਚੁੱਪ ਜਿਆ ਹੋ ਕੇ ਬਹਿ ਜਾਂਦਾ
ਤੇ ਜਾਂਦਾ-ਜਾਂਦਾ ਕਹਿੰਦਾ ਕਿ ਖਿਆਲ ਰੱਖੀਂ ਆਵਦਾ।।

ਚੱਲ ਇਸ ਤੋਂ ਇੱਕ ਗੱਲ ਤਾਂ ਸਮਝਣ ਨੂੰ ਮਿਲੀ ਕਿ
ਖਿਆਲ ਆਪਣਾ ਖੁਦ ਨੂੰ ਹੀ ਰੱਖਣਾ ਪੈਂਦਾ
ਮੈਨੂੰ ਕੋਈ ਐਸਾ ਮਿਲਿਆ ਨਹੀਂ ਜੋ ਸਿਰਫ ਮੇਰੇ ਬਾਰੇ ਸੋਚੇ
ਮਿਲਿਆ ਸੀ ਇੱਕ ਉਹਨੂੰ ਵੀ ਮਜ਼ਬੂਰੀਆਂ ਮਾਰ ਲਿਆ।

ਚੱਲ ਛੱਡ ਦਿਲਾ ਆਪਣੀ ਕਿਸਮਤ ਹੀ ਐਸੀ ਏ
ਕਿਸ ਨੂੰ ਗਿਲੇ ਸੁਣਾਉਂਦਾ ਆਪਣੇ?
ਇੱਥੇ ਕੋਈ ਕਿਸੇ ਦੀ ਨਹੀਂ ਸੁਣਦਾ
ਸਭ ਮਨ ਮਰਜ਼ੀ ਕਰਦੇ ਨੇ
ਤੇਰੀਆਂ ਤਕਲੀਫਾਂ ਤਾਂ
ਤੇਰੇ ਆਸ ਪਾਸ ਵਾਲੇ ਸੁਣ ਸਕਦੇ
ਜੋ ਤੇਰੇ ਇਸ ਵੇਲੇ ਨਾਲ ਹੁੰਦੇ ਨੇ
ਜਿਵੇਂ ਕਿ ਸਰਾਹਣਾ ਜੋ ਤੇਰੀ ਅੱਖ 'ਚੋਂ ਡਿੱਗਿਆ ਹੰਝੂ
ਖੁਦ ਅੰਦਰ ਸਮੋਂ ਲੈਂਦਾ ਤੇ ਕਿਸੇ ਨੂੰ ਨਹੀਂ ਦੱਸਦਾ
ਕਿ ਤੂੰ ਅੰਦਰੋਂ ਕਿੰਨਾ ਕਮਜ਼ੋਰ ਤੇ ਟੁੱਟਿਆ ਏਂ!!

ਫਿਰ ਸੋਚਦਾ ਹਾਂ ਕਿ ਕੀ ਫਾਇਦਾ ਰੌਲਾ ਪੌਣ ਦਾ
ਜਿੱਥੇ ਇੰਨਾ ਕੁੱਝ ਦੱਬਿਆ ਹੋਇਆ ਸੀ
ਉੱਥੇ ਦਿਲ ਦੀ ਕਬਰ 'ਚ ਇਹ ਦੁੱਖ ਵੀ ਦੱਬ ਲੈਂਦਾ
ਪਰ ਜੇ ਇਹ ਵੀ ਦੱਬ ਲਵਾਂ ਤਾਂ ਮੈਂ
ਕਿਸੇ ਜਿਉਂਦੀ ਜਾਗਦੀ ਲਾਸ਼ ਤੋਂ ਘੱਟ ਨਾ ਹੋਇਆ?

ਇਨਸ਼ਾਨ ਹਾਂ ਮੈਂ ਵੀ ਰੱਬਾ!!!
ਸਾਰੇ ਦੁੱਖ ਮੈਂ ਹੀ ਕਿਉਂ ਸਹੇੜਾਂ?
ਭੇਜਦਾ ਹੀ ਨਾ ਦੁਨੀਆ 'ਤੇ

ਜੋ ਅਸ ਰਾਹ ਲਿਖਣੇ ਸੀ
ਜਾਂ ਕਿਸ ਦਾ ਸਾਥ ਤਾਂ ਲਿਖਦਾ
ਜੋ ਮੇਰੇ ਨਾਲ ਰਹਿੰਦੀ ਉਮਰ ਤੱਕ ਰਹਿੰਦਾ
ਤੇ ਮੈਨੂੰ ਸਮਝਦਾ
ਜੋ ਸਮਝਦਾ ਸੀ ਉਸ ਨੂੰ ਵੀ ਤੂ
ਦੁੱਖ ਦੇਣ 'ਚ ਕੋਈ ਕਸਰ ਨਹੀਂ ਛੱਡੀ
ਆਏ ਦਿਨ ਰਵਾਉਂਦਾ ਤੂੰ ਉਸ ਨੂੰ ਵੀ

ਸ਼ਾਇਦ ਉਹ ਵੀ ਸੋਚਦਾ ਹੋਵੇ ਕਿ
ਜਿਸ ਦਿਨ ਦਾ ਇਹ ਮਿਲਿਆ
ਮੇਰਾ ਕੋਈ ਦਿਨ ਵੀ ਹੱਸ ਨਹੀਂ ਗੁਜ਼ਰਿਆ।
ਉਸ ਨੂੰ ਵੀ ਮਜ਼ਬੂਰੀਆਂ ਮਾਰ ਲਿਆ
ਹੁਣ ਉਹ ਵੀ ਇਸ ਹੱਦ ਤੱਕ ਸੋਚਦੈ
ਕਿ ਇਸ ਨੂੰ ਆਪਣੀ ਜਿੰਦਗੀ 'ਚ ਰੱਖਾਂ ਜਾਂ ਨਾ।

ਮੈਨੂੰ ਦਿਲ ਦੀ ਥਾਂ ਪੱਥਰ ਰੱਖ ਦੇਂਦਾ ਤਾਂ
ਮੈਂ ਤੇਰਾ ਸਾਰੀ ਉਮਰ ਸ਼ੁਕਰ ਕਰਦਾ
ਪਰ ਮੈਂ ਹੁਣ ਕੀ ਕਰਾਂ?
ਕਿੱਥੇ ਜਾਵਾਂ ਤੇ ਕਿੱਥੇ ਰਹਾਂ?
ਰੋਜ ਰਾਤ ਰੋ ਕੇ ਸੌਣਾ ਕਿਤੇ ਸੌਖਾ?
ਆਹ ਦੁਨੀਆਂ ਮੇਰੇ ਲਈ ਨਹੀਂ ਬਣੀ।
ਅਗਰ ਬਣੀ ਹੈ ਤਾਂ
ਮੇਰੀ ਝੋਲੀ ਪਾ ਜੋ ਮੰਗਿਆ ਮੈਂ
ਨਹੀਂ ਤਾਂ ਮੈਨੂੰ ਝੋਲੀ ਅੱਡਣ ਜੋਗਾ ਵੀ ਨਾ ਕਰ
ਖ਼ਤਮ ਕਰ ਇਹ ਜਨਮ ਮਰਨ ਦੀ ਖੇਡ
ਇੱਕ ਪਾਸੇ ਲਾ ਕੇ ਮੈਨੂੰ ਗੱਲ ਮੁਕਾ।
○

# ਦਿਲਾਸੇ ਦਿਲਾਸੇ

ਕਿਹੜੀਆਂ ਖ਼ੁਸ਼ੀਆਂ ਤੇ ਕਿਹੜੇ ਹਾਸੇ
ਹੁਣ ਤਾਂ ਜ਼ਿੰਦਗੀ ਦਿਲਾਸੇ ਹੀ ਦਿਲਾਸੇ
ਮੈਂ ਫੱਕਰਾਂ ਦੇ ਲੜ ਲੱਗਣ ਚੱਲਿਆ
ਯਾਰ ਤੇ ਪਿਆਰ ਨੂੰ ਰੱਖ ਕੇ ਪਾਸੇ
ਸਭ ਦੇ ਰੰਗ ਨੇ ਬਦਲੇ ਬਦਲੇ
ਅੱਜ ਕੌੜੇ ਜੀਭ ਨੂੰ ਲੱਗੇ ਪਤਾਸੇ
ਬਾਪ ਦਾ ਸਾਇਆ ਸਿਰ ਤੋਂ ਲਹਿਆ
ਜਿਉਣੀ ਫਿਰ ਜ਼ਿੰਦਗੀ ਕਿਸ ਆਸੇ
ਦਿਲ ਤੇ ਦੁੱਖ ਦਾ ਵਜ਼ਨ ਹੈ ਖਾਸਾ
ਭਾਰ ਸੁੱਖਾਂ ਦਾ ਬੱਸ ਕੁੱਝ ਮਾਸੇ
ਜਾ ਤਾਂ ਜਾਕੇ ਰੋਕ ਲੈ ਕੰਵਲਾ
ਔਹ ਤੁਰੇ ਜਾਂਦੇ ਨੇ ਤੇਰੇ ਹਾਸੇ
ਕਿਹੜੀਆਂ ਖ਼ੁਸ਼ੀਆਂ ਤੇ ਕਿਹੜੇ ਹਾਸੇ
ਹੁਣ ਤਾਂ ਜ਼ਿੰਦਗੀ ਦਿਲਾਸੇ ਹੀ ਦਿਲਾਸੇ
○

## ਬੜੇ ਚਿਰਾਂ ਬਾਦ

ਬੜੇ ਚਿਰਾ ਬਾਦ ਕਲਮ 'ਚ ਸਿਆਹੀ ਭਰਨ ਲੱਗਾ ਹਾਂ
ਸ਼ਾਇਦ ਸੋਚਾਂ ਦਾ ਭਾਰ ਹੋਰ ਸਾਂਭਿਆ ਨੀ ਜਾ ਰਿਹਾ
ਤਾਂਹੀ ਮੈ ਚਿੱਟੇ ਵਰਕੇ ਨੂੰ ਕਾਲਾ ਕਰਨ ਲੱਗਾ ਹਾ
ਸਾਰੀ ਉਮਰ ਕਿਤਾਬਾਂ ਪੜ੍ਹ ਪੜ੍ਹ ਹੀ ਗੁਜ਼ਰ ਗਈ
ਅੱਜ ਮੈਂ ਖ਼ੁਦ ਦੀ ਜ਼ਿੰਦਗੀ ਖ਼ੁਦ ਪੜ੍ਹਨ ਲੱਗਾ ਹਾਂ
ਜਦੋਂ ਕਦੇ ਆਕੇ ਬਹਿ ਜਾਂਦੀ ਤੇਰੀ ਯਾਦ ਸਰਾਹਣੇ
ਜਦ ਕਦੇ ਵੀ ਮੈਂ ਜ਼ਿੰਦਗੀ ਵਿੱਚ ਖੜ੍ਹਨ ਲੱਗਾ ਹਾਂ
ਤੇਰੀ ਜ਼ਿੰਦਗੀ ਵਿੱਚੋਂ ਕਦੋਂ, ਕਿਵੇਂ ਤੇ ਕਿਸ ਦਿਨ ਨਿਕਲਿਆ
ਕਲੰਡਰ ਦੀ ਭੈੜੀ ਉਹ ਤਰੀਕ ਮੜ੍ਹਨ ਲੱਗਾ ਹਾਂ
ਮੈਂ ਮਰ ਚੱਲਿਆ ਉਡੀਕ 'ਚ ਤੇਰੀ ਯਾਦ ਨੂੰ ਮਾਰਦੇ ਮਾਰਦੇ
ਕੀ ਦੱਸਾਂ ਹੁਣ ਤਾਂ ਮੈਂ ਖ਼ੁਦ ਤੋ ਵੀ ਡਰਨ ਲੱਗਾ ਹਾ
ਅਗਲੇ ਜਨਮ ਮਿਲਾਂਗੇ ਇੱਕ ਨਵੀਂ ਸ਼ੁਰੂਆਤ ਨਾਲ
ਨਿਕੰਮੇ ਸਰੀਰ 'ਚੋ ਰੂਹ ਨੂੰ ਮਨਫ਼ੀ ਕਰਨ ਲੱਗਾ ਹਾਂ
ਜਿਉਂਦੇ ਜੀ ਨਾ ਸਮਝੀ ਸ਼ਾਇਦ ਮਰਨੋਂ ਬਾਦ ਸਮਝ ਜਾਵੇਂ
ਕਿ ਮੇਰੀ ਰੂਹ ਦਾ ਸਕੂਨ ਅਤੇ ਰੂਹ ਦਾ ਟਿਕਾਣਾ ਤੂੰ ਏ
ਇਸੇ ਆਸ 'ਚ ਅੱਜ ਮੈਂ ਤੇਰੀ ਖ਼ਾਤਰ ਮਰਨ ਲੱਗਾ ਹਾਂ

## ਕੀ ਸਮਝਾਂ

ਲੱਖਾਂ ਦੁਆਵਾਂ ਕਰਨ 'ਤੇ ਵੀ ਨਾ ਮਿਲਿਆ
ਤੇਰਾ ਵਿਛੜਾ ਹੋਇਆ ਸਹਿ ਹੀ ਨਹੀਂ
ਇਹ ਸਮਝਾਂ ਕਿ ਰੱਬ ਨੇ ਸੁਣੀ ਹੀ ਨਹੀਂ
ਜਾਂ ਇਹ ਸਮਝਾਂ ਕਿ ਰੱਬ ਹੈ ਹੀ ਨਹੀਂ
○

## ਯਾਦ ਕਰੀਂ

ਕਦੇ ਯਾਦ ਆਵੇ ਤਾਂ ਯਾਦ ਕਰੀਂ
ਕਦੇ ਭੁੱਲ ਭੁਲੇਖੇ ਵੀ ਯਾਦ ਕਰੀ
ਕਦੇ ਮੁਸੀਬਤ ਆਵੇ ਤਾਂ ਯਾਦ ਕਰੀਂ
ਕਦੇ ਕੋਈ ਸਤਾਵੇ ਤਾਂ ਯਾਦ ਕਰੀ
ਕਦੇ ਹੱਸਣਾ ਚਾਵ੍ਹੇਂ ਤਾਂ ਯਾਦ ਕਰੀ
ਕਦੇ ਮੋਢਾ ਚਾਵ੍ਹੇਂ ਤਾਂ ਯਾਦ ਕਰੀਂ
ਕਦੇ ਮਿਲਨਾ ਚਾਵ੍ਹੇਂ ਤਾਂ ਯਾਦ ਕਰੀ
ਕਦੇ ਮੁੜਨਾ ਚਾਵ੍ਹੇਂ ਤਾਂ ਯਾਦ ਕਰੀਂ
ਐਵੇਂ ਨਾ ਰਾਤੀਂ ਯਾਦ ਕਰਨਾ
ਜੇ ਕਰਨਾ ਪਲ-ਪਲ ਬਾਦ ਕਰੀਂ
ਕਦੇ ਡੋਲਿਆ ਕਿਧਰੇ ਯਾਦ ਕਰੀਂ
ਬੀਤਿਆ ਸਮਾਂ ਵੀ ਯਾਦ ਕਰੀ
ਜੋ ਕਰਿਆ ਆਪਣਿਆਂ ਯਾਦ ਕਰੀਂ
ਤੂੰ ਸਭ ਦਾ ਬਣਿਆ ਯਾਦ ਰੱਖੀਂ
ਕੋਈ ਨਾਲ ਨੀ ਖੜਿਆ ਯਾਦ ਕਰੀਂ
ਚੱਲ ਛੱਡ ਕਰਨਾ ਤਾਂ ਕਰ ਲਵੀ
ਜੇ ਨਈਂ ਕਰਨਾ ਤਾਂ ਨਾ ਕਰੀਂ
ਇੰਨੇ ਮਾੜੇ ਨੀ ਜੋ ਯਾਦ ਨਾ ਆਈਏ
ਜੇ ਆਏ ਤਾਂ ਸੋਚਾਂ 'ਚੋਂ ਬਾਹਰ ਨਾ ਕਰੀਂ
ਬੁਰਿਆ 'ਚੋਂ ਨਿਕਲ ਕੇ ਬਾਹਰ ਕਦੇ
ਚੰਗੇ ਲੱਭਣਾ ਚਾਵ੍ਹੇਂ ਤਾਂ ਯਾਦ ਕਰੀਂ
ਸਾਡੇ ਪੈਰ ਅਜੇ ਵੀ ਉੱਥੇ ਈ ਨੇ
ਜਿੱਥੇ ਛੱਡਿਆ ਸੀ ਤੂੰ ਯਾਦ ਕਰੀਂ

## ਸੌਹ ਖਾ

ਇਸ਼ਕ ਇਸ਼ਕ ਕਹਿਣਾ ਸੌਖਾ
ਇੱਕ ਦੇ ਨਾਲ ਰਹਿਣਾ ਔਖਾ
ਵਫ਼ਾ ਦੀ ਗੱਲ ਕਰਦੀਆਂ ਅੱਖਾਂ
ਪੱਕਾ ਦਿਲ ਵਿੱਚ ਹੋਣਾ ਧੋਖਾ
ਨਾ ਪੁੱਛ ਇਸ਼ਕ ਦੇ ਦਰਦਾਂ ਬਾਰੇ
ਦਿਨ ਬ ਦਿਨ ਇਹ ਹੁੰਦਾ ਚੋਖਾ
ਕਹਿਨੈਂ ਮੇਰਾ ਦਿਲ ਨਹੀਂ ਟੁੱਟਿਆ
ਹੱਸ ਕਿਹਾ ਮੈਂ ਚੱਲ ਫਿਰ ਸੌਂਹ ਖਾ

✪

## ਮਹਿਬੂਬਾ

ਚੰਨ ਦੀ ਆਸ਼ਿਕ ਚਾਨਣੀ
ਤਾਰਿਆਂ ਦੀ ਲੋਅ ਮਹਿਬੂਬਾ
ਨਾਮ ਨਾ ਦੱਸੀਂ ਸੱਜਣਾਂ ਦਾ
ਦੁਨੀਆਂ ਲੈਂਦੀ ਖੋਹ ਮਹਿਬੂਬਾ
ਉਹ ਇਸਕ ਪਾਕ ਨੀ ਹੁੰਦਾ
ਮਰੇ ਨਾ ਯਾਰ ਲਈ ਜੋ ਮਹਿਬੂਬਾ
ਇਹ ਕੈਸੀ ਵੰਡ ਹੈ ਅੱਲਾ ਤੇਰੀ
ਕਿਸੇ ਹਿੱਸੇ ਇੱਕ ਵੀ ਨਹੀ
ਤੇ ਕਿਸੇ ਹਿੱਸੇ ਦੋ ਦੋ ਮਹਿਬੂਬਾ
○

## ਹੈ ਅਤੇ ਸੀ

"ਹੈ" ਅਤੇ 'ਸੀ' 'ਚ ਬੱਸ ਇੰਨਾਂ ਈ ਫ਼ਰਕ ਏ
ਹੈ ਨਾਲ ਮਿਲਣ ਦੀਆਂ ਤਰੀਕਾਂ ਆਉਂਦੀਆਂ ਨੇ
ਅਤੇ
ਸੀ ਦੀਆਂ ਬੱਸ ਯਾਦਾਂ
○

## ਮਿਲਾਂਗੇ ਜ਼ਰੂਰ-2

ਸਾਰੇ ਦੇਸ਼ਾਂ ਦੇ ਕਿਨਾਰੇ ਟੱਪਕੇ
ਮਿਲਾਂਗੇ ਜ਼ਰੂਰ ਤਾਰੇ ਟੱਪਕੇ
ਕਿਸੇ ਹੋਰ ਆਸਮਾਨ ਥੱਲੇ
ਕਿਸੇ ਹੋਰ ਬੱਦਲਾਂ ਉਹਲੇ
ਜਿੱਥੇ ਸੰਦਲੀ ਜਿਹੀ ਸ਼ਾਮ ਹਵੇ
ਕੋਇਲ ਕੂਕਦੀ ਮੋਰ ਨੱਚਦੇ ਹੋਣ
ਜਿੱਥੇ ਮੱਠੀ-ਮੱਠੀ ਕਣੀ ਵਰ੍ਹੇ
ਤੇ ਤੇਰੇ ਪਿੰਡੇ ਨੂੰ ਛੋਹ ਕੇ
ਮਹਿਕਦੀਆਂ ਹਵਾਵਾਂ ਮੇਰੇ ਵੱਲ ਆਉਣ
ਜਿੱਥੇ ਬੱਸ ਪਿਆਰ ਦੀ ਤਪਸ਼
ਤੇ ਇਸ਼ਕ ਦੀ ਤਲਬ ਹੋਵੇ
ਜਿੱਥੇ ਉਮਰ ਜਿਸਮਾਂ ਦੀ ਨਹੀਂ
ਰੂਹਾਂ ਦੀ ਗਿਣੀ ਜਾਂਦੀ ਹੋਵੇ
ਜਨਮ ਮਰਨ ਤੋਂ ਦੂਰ
ਕਿਸੇ ਟਾਪੂ ਤੇ ਨਿੱਕੀ ਜਿਹੀ ਛੰਨ ਹਵੇ
ਜਿੱਥੇ ਅਨੇਕਾਂ ਸੂਏ ਚੋਂਦੇ ਹੋਣ
ਤੇ ਪਾਣੀ ਸਜਦਾ ਕਰ ਕਰ ਗੁਜ਼ਰੇ
ਅਤੇ ਗਿੱਲੀ ਮਿੱਟੀ 'ਤੇ ਇੱਕ ਦੂਸਰੇ ਦਾ ਨਾਮ
ਦਿਲ ਵਾਹ ਕੇ ਉਸ ਵਿੱਚ ਲਿਖੀਏ
ਤੇ ਲਹਿਰਾਂ ਸਾਡੇ ਪਿੱਛੇ-ਪਿੱਛੇ ਆਉਣ
ਜਿਸ ਦਿਸ਼ਾ ਵੱਲ ਵੀ ਅਸੀਂ ਭੱਜੀਏ
ਹਾਂ ਬਿਲਕੁਲ ਠੀਕ ਸਮਝੇ
ਮੈਂ ਉਸ ਜਗ੍ਹਾ ਮਿਲਣ ਦੀ ਗੱਲ ਕਰਦਾ ਹਾਂ
ਜਿਸ ਦਾ ਨਾਮ 'ਜ' ਤੋਂ ਜੰਨਤ ਬਣਦਾ
ਸਾਡੇ ਦਹਾਂ ਦੇ ਮਿਲਣ ਦਾ ਸਿਰਨਾਵਾਂ
ਬੱਸ ਉਡੀਕ ਰੱਖੀਂ ਅਸੀਂ ਮਿਲਾਂਗੇ ਜ਼ਰੂਰ
ਬੱਸ ਉਡੀਕ ਰੱਖੀਂ . .

## ਸ਼ਰਾਪ

ਭੋਗ ਕੇ ਜਿੰਦਗੀ ਹਰ ਜੀਵ ਤੁਰ ਜਾਂਦਾ
ਬਣਾਈਆਂ ਉਸ ਦੀਆਂ ਪਿੱਛੇ ਥਾਵਾਂ ਠਹਿਰ ਜਾਣ

ਏ ਖ਼ੁਦਾ ਜੇ ਏਦਾਂ ਕਰਦੇਂ ਤਾ ਕਿੰਨਾ ਸੋਹਣਾ ਹੋਵ
ਕਿਸੇ ਦੀ ਰੂਹ ਨਾ ਛੱਡੇ ਸਰੀਰ ਤੇ ਸਾਹਵਾਂ ਠਹਿਰ ਜਾਣ

ਢੱਠ ਜਾਣ ਮਹਿਲ ਮੁਨਾਰੇ ਇਮਾਰਤਾਂ ਉੱਚੀਆਂ-ਉੱਚੀਆਂ ਵੀ
ਜਿੱਥੇ ਬਚਪਨ ਬੀਤਿਆ ਬੱਸ ਉਹ ਰਾਹਵਾ ਠਹਿਰ ਜਾਣ

ਰੱਖ ਲਵੀਂ ਇਹ ਦਿਲ ਕੱਢ ਕੇ ਜਾਂ ਰੱਖ ਲਵੀਂ ਤੂੰ ਰੂਹ ਮੇਰੀ
ਜੋ ਦੇਖ ਮੈਨੂੰ ਜਿਉਂਦੀਆਂ ਨੇ ਉਹ ਨਿਗਾਹਾਂ ਠਹਿਰ ਜਾਣ

ਰੱਬਾ ਚੱਲਦੀ ਰਹੇ ਤੇਰੀ ਬਣਾਈ ਇਹ ਕੁਦਰਤ ਵੀ
ਕਾਸ਼ ਸਦਾ ਵਾਸਤੇ ਸਭਨਾਂ ਦੀਆਂ ਮਾਵਾਂ ਠਹਿਰ ਜਾਣ

ਤੂੰ ਨਹੀਂ ਮੰਨਣੀ ਜੋ ਫਰਿਆਦ ਇਹ ਮੇਰੀ
ਤਾਂ ਸਰਾਪ ਏ ਤੈਨੂੰ ਤੇਰੀਆਂ ਵੀ ਸਾਹਵਾਂ ਠਹਿਰ ਜਾਣ
✪

## ਕਿਸਮਤ ਦੀ ਕਿਤਾਬ

ਤੇਰੇ ਦੇਸ਼ ਦਾ ਆਕਾਸ ਰੰਗ ਵਰਗਾ ਸਾਫ਼
ਜ਼ਮੀਨ ਤੇਰੀ ਰੂਹ ਵਰਗੀ ਪਾਕ ਹੀ ਹੋਵੇਗੀ
ਫੁੱਲ ਤਾਂ ਸੋਹਣੇ ਹੋਵਣਗੇ ਹੀ ਹੋਵਣਗੇ
ਮਿੱਟੀ ਮੇਰੀ ਹਸਰਤ ਵਾਂਗ ਰਾਖ ਹੀ ਹੋਵੇਗੀ

ਤੇਰੀਆ ਮਹਿਕਾ ਖਿਲਾਰਦੀ ਹਵਾ ਮਹਿਕੇ
ਤੇਰੇ ਕੋਲ ਆਈ ਏ ਮੇਰੇ ਕੋਲੋਂ ਬਹਿਕੇ
ਤੇਰਾ ਸੁਨੇਹਾ ਲਿਆਊਂ ਮੈਨੂੰ ਆਈ ਕਹਿਕੇ
ਮੈਂ ਉਡੀਕ 'ਚ ਬੈਠਾ ਤੇਰੀ ਯਾਦ ਲੈਕੇ

ਚੱਲ ਲਾ ਸੁਨੇਹਾ ਖੁਸ਼ ਕਰ ਦਿਲ ਨੂੰ
ਕੱਸੀਏ ਪਿਆਰ 'ਚ ਪਾਈ ਢਿੱਲ ਨੂੰ
ਭੱਜਕੇ ਦੂਰ ਭਜਾਈਏ ਜਿੱਲ੍ਹ ਮਿੱਲ੍ਹ ਨੂੰ
ਵਿਛੋੜੇ ਦੀ ਰਲ ਲਾਹੀਏ ਛਿੱਲ ਨੂੰ

ਛੱਡ ਖਿਆਲ ਆ ਇੱਕ ਹੋਈਏ
ਕਰ ਦੁਆ ਖ਼੍ਵਾਬੋਂ ਨਾ ਵੱਖ ਹੋਈਏ
ਅੱਲਾ ਕਰੇ ਕਿਸਮਤ ਦੀ ਕਿਤਾਬ 'ਚ
ਆਪਾਂ ਇੱਕੋ ਕਾਗਜ਼ 'ਤੇ ਲਿਖ ਹੋਈਏ

ਕਾਸ਼ ਕੋਈ ਮਜ਼ਹਬ ਨਾ ਦੇਖੇ
ਹਰ ਕੋਈ ਹਰ ਜਗ੍ਹਾ ਮੱਥਾ ਟੇਕੇ
ਹਿੰਦੂ ਸਿੱਖ ਇਸਾਈ ਮੁਸਲਿਮ
ਵਾਹਿਗੁਰੂ ਸਾਈਂ ਅੱਲਾ ਏਕੋ
ਜਾਤ ਪਾਤ ਦੇ ਉੱਸਰੇ ਰੁੱਖਾਂ ਪਰ
ਮੈਂ ਪੰਛੀ ਪਿਆਰ ਦੇ ਮਰਦੇ ਦੇਖੇ
ਖ਼ੁਦ ਜ਼ੁਬਾਨੋ ਮਨਫ਼ੀ ਹੋਕਰ
ਮਜ਼ਬੂਰੀ ਹੇਠ ਵਾਅਦੇ ਕੱਜਦੇ ਦੇਖੇ
○

# ਵਿਛੋੜੇ ਦੀ ਚੁੱਪ

ਜੋ ਸੋਚਦਾ ਸੀ ਅੱਖਾਂ ਨੂੰ ਖ਼੍ਵਾਬ ਨੀ ਮਿਲੇ
ਜੈਸੇ ਚਾਹੁੰਦਾ ਸੀ ਵੈਸੇ ਜਵਾਬ ਨੀ ਮਿਲੇ
ਤੇਰਾ ਵਿਛੋੜਾ ਹੀ ਲੈ ਕੇ ਬਹਿ ਗਿਆ ਮੈਨੂੰ
ਸ਼ੁਕਰ ਆ ਦੁੱਖ ਬੇਹਿਸਾਬ ਨੀ ਮਿਲੇ

ਕਰਮਾਂ ਵਾਲਾ ਸੂਰਜ ਕਦ ਉਪੜੇਗਾ
ਹਿਜਰਾਂ ਦੀ ਰਾਤ ਏ ਬੜੀ ਲਮੇਰੀ ਏ
ਪਰ੍ਹਾਂ ਰੱਖ ਦੇ ਤੇਜ਼ ਤਿੱਖੇ ਹਥਿਆਰ
ਮੇਰਾ ਕਤਲ ਕਰਨ ਨੂੰ ਤੇਰੀ ਚੁੱਪ ਬਥੇਰੀ ਏ
✪

# ਰੂਹ ਤਿਹਾਈ

ਰੂਹ ਤਿਹਾਈ ਮਾਰੂਥਲਾਂ ਵਾਂਗਰ
ਬਰਸ ਜਾ ਬਣਕੇ ਪਾਣੀ ਜਾਂ ਸਰਬਤ
ਇੱਕ ਅਸੀਂ ਨਹੀਂ ਤੈਨੂੰ ਚੰਗੇ ਲੱਗਦੇ
ਉਂਝ ਸੋਹਣੀ ਜਾਪੇ ਤੈਨੂੰ ਕੁੱਲ ਸਰਬੱਤ
ਇਸ਼ਕ ਦਾ ਕਰਾਂ ਇਜ਼ਹਾਰ ਕਿੱਦਾ
ਛਾਲ ਮਾਰਦਾ ਚੜ੍ਹ ਕੇ ਪਰਬਤ
ਜਾਂ ਬੁੱਲ੍ਹੇ ਵਾਂਗ ਪਾ ਝਾਂਜਰ ਨੱਚਾਂ
ਜਾਂ ਬਾਦਰ ਵਾਂਗ ਦਿਖਾਵਾਂ ਕਰਤਬ
ਇੱਕ ਅਸੀਂ ਨਹੀਂ ਤੈਨੂੰ ਚੰਗੇ ਲੱਗਦੇ
ਉਂਝ ਸੋਹਣੀ ਜਾਪੇ ਤੈਨੂੰ ਕੁੱਲ ਸਰੱਬਤ
○

# ਹੰਝੂ

ਜਿੰਨੀ ਗੁਜ਼ਰੀ ਕਾਫ਼ੀ ਨਈ
ਵੱਖ ਹੋਣ ਦੀ ਮਾਫ਼ੀ ਨਈਂ
ਉਹ ਦੇਖ ਮੇਰੇ ਹੰਝੂ ਡੁੱਲ੍ਹ-ਡੁੱਲ੍ਹ ਜਾਂਦੇ ਨੇ
ਕੋਈ ਦਰਿਆ 'ਝਨਾਬ' ਜਾਂ 'ਰਾਵੀ' ਨਈਂ

ਆਖੇ ਹੋਰ ਮੁਹੱਬਤ ਨਾ ਕਰ ਸਾਨੂੰ
ਜ਼ਿੰਦਗੀ 'ਚੋਂ ਦਫ਼ਾ ਕਰ ਸਾਨੂੰ
ਤਾਲੇ ਮਾਰੇ ਉਨ੍ਹਾਂ ਆਵਾਜ਼ਾਂ ਉੱਤੇ
ਜ਼ੁਬਾਨ 'ਤੇ ਜਿਕਰ ਜ਼ਰਾ ਵੀ ਨਈਂ

ਨਜ਼ਰਾਂ ਵੇਖ ਅਸਾਂ ਨੂੰ ਝੁਕ ਗਈਆਂ
ਸਾਡੀ ਅੱਖ ਤੋਂ ਨੀਦਰਾਂ ਛੁਪ ਗਈਆਂ
ਅਸੀਂ ਤੱਕਦੇ ਤੁਸਾਂ ਨੂੰ ਰਹਿ ਗਏ
ਤੁਸਾਂ ਦਿੱਤਾ ਮਾਸਾ ਭਾਅ ਵੀ ਨਈਂ

ਤੁਸਾਂ ਛੱਡਿਆ ਵੱਡੇ ਦਾਅਵੇ ਕਰਕੇ
ਭੱਜੇ ਤਾਰਿਆਂ ਜਿੱਡੇ ਵਾਅਦੇ ਕਰਕੇ
ਅਸੀਂ ਮਰਦੇ ਤੇਰੇ ਵੱਲ ਵੇਂਹਦੇ ਰਹੇ
ਤੁਸਾਂ ਦਿੱਤਾ ਉਧਾਰਾ ਸਾਹ ਵੀ ਨਈਂ

ਸੁਭਾ ਸ਼ਾਮ ਰਾਤ ਦੁਪਹਿਰ
ਆਵੇ ਤੇਰੀ ਯਾਦ ਦੀ ਲਹਿਰ
ਖੁਦਾ ਦੀ ਥਾਂ ਸਜਦਾ ਕੀਤਾ
ਤੈਨੂੰ ਚੇਤਾ ਅਸਾਡਾ ਨਾਂ ਵੀ ਨਈਂ

ਮੁੱਕਦੀ ਜਾਂਦੀ ਉਮਰ ਸਿਆਣੀ
ਲੈ ਹੀ ਬੈਠੀ ਤੇਰੀ ਸੱਚ ਨਿਆਣੀ
ਚਿੜੀਆਂ ਚੋਗਾ ਚੁਗਦੀਆਂ ਨਾ
ਤੇ ਕੋਠੇ ਆਉਂਦਾ ਕੋਈ ਕਾਂ ਵੀ ਨਈ

## ਨਵੀਂ ਮੁਲਾਕਾਤ

ਚੱਲ ਇੱਕ ਨਵੀਂ ਮੁਲਾਕਾਤ ਕਰਦੇ ਆਂ
ਆਪਾਂ ਦੋਵੇਂ ਜਿਸ ਦਿਨ ਵੱਖ ਹੋਏ ਸੀ
ਉਸੇ ਤਾਰੀਖ ਦੀ ਰਾਤ ਕਰਦੇ ਆਂ
ਭੁੱਲ ਭੁਲਾ ਕੇ ਗਿਲੇ ਸ਼ਿਕਵੇ
ਨਫ਼ਰਤਾਂ ਨੂੰ ਬਰਬਾਦ ਕਰਦੇ ਆਂ
ਹੱਸ-ਹੱਸ ਐਸੇ ਹਾਲ ਕਰ ਲਈਏ
ਉਦਾਸੀਆਂ 'ਤੇ ਰਲ ਵਾਰ ਕਰਦੇ ਆਂ
ਜੇ ਤੂੰ ਵੀ ਨਹੀਂ ਕਿਸੇ ਨਾਲ ਜੁੜਿਆ
ਤਾਂ ਦੱਸ ਕੀ ਤੈਨੂੰ ਮਨਜ਼ੂਰ ਹੈ
ਆਪਾਂ ਫਿਰ ਤੋਂ ਪਿਆਰ ਕਰਦੇ ਆਂ
o

## ਨਵਾਂ ਸਾਲ

ਮਹਿਕਾਂ ਹਵਾਵਾਂ ਦਾ ਟੋਲਾ ਰਲਕੇ
ਸ਼ੋਰ ਮਚਾਉਂਦਾ ਜਾਂਦਾ ਸੀ ਤੜਕੇ
ਵੇਖਿਆ ਜਦ ਮੈਂ ਪੌੜੀਆਂ ਚੜ੍ਹਕੇ
ਮਿਲ ਰਹੇ ਸੀ ਗਲੇ ਸਭ ਬਾਂਹ ਫੜ੍ਹਕੇ
ਸਭ ਦੇ ਮੁੱਖ 'ਤੇ ਇੱਕੋ ਗੱਲ ਕਿ
ਅੱਜ ਹੈ ਨਵਾਂ ਸਾਲ ਮੁਬਾਰਕ
ਸਭ ਨੂੰ ਨਵਾਂ ਸਾਲ ਮੁਬਾਰਕ

ਚਿੜੀਆਂ ਸੂਰਜ ਵੱਲ ਦੌੜਦੀਆਂ
ਰਾਹ ਜਾਂਦੀਆਂ ਹੱਸ ਰਹੀਆਂ ਸਨ
ਬੁਲਬੁਲਾਂ ਕੋਇਲਾਂ ਪੱਕੀਆਂ ਸਹੇਲੀਆ
ਸਭ ਨੂੰ ਗਾ ਗਾ ਦੱਸ ਰਹੀਆਂ ਸਨ
ਕਿ ਅੱਜ ਹੈ ਨਵਾਂ ਸਾਲ ਮੁਬਾਰਕ
ਸਭ ਨੂੰ ਨਵਾਂ ਸਾਲ ਮੁਬਾਰਕ

ਨਵਾਂ ਸਾਲ ਤਾਂ ਹੈ ਪਰ ਨਵਾਂ ਕੀ ਹੈ
ਉਹੀ ਚੰਨ ਉਹੀ ਰਾਤ ਹੈ
ਉਹੀ ਸੂਰਜ ਉਹੀ ਪ੍ਰਭਾਤ ਹੈ
ਉਹੀ ਹਾਲ ਉਹੀ ਹਾਲਾਤ ਹੈ
ਸਭ ਕੁੱਝ ਉਹੀ ਪੁਰਾਣਾ ਹੈ
ਫਿਰ ਇਸ 'ਚ ਨਵਾਂ ਕੀ ਹੈ
ਕਾਹਦਾ ਨਵਾਂ ਸਾਲ ਮੁਬਾਰਕ?

ਨਵਾਂ ਸਾਲ ਮੈਂ ਤਾਂ ਕਹਾਂ
ਜੇਕਰ ਕਿਸੇ ਵਿਧਵਾ ਦਾ ਪਤੀ ਪਰਮੇਸ਼ਰ
ਰੱਬ ਦੇਸ਼ੋਂ ਇਸ ਦੇਸ਼ ਮੁੜ ਆਵੇ
ਉਹ ਚਿੱਟੀਆਂ ਚੁੰਨੀਆਂ ਰੰਗਵਾਉਣ
ਲਲਾਰੀ ਦੀ ਹੱਟੀ 'ਤੇ ਜਾਵੇ
ਮਨਚਾਹੇ ਰੰਗ ਰੰਗਵਾਵੇ
ਤੇ ਸੁੱਟ ਚਿੱਟੇ ਵਸਤਰ ਸਾਰੇ
ਦਰਜੀ ਕੋਲ ਜਾ ਮਨਚਾਹੀ
ਸੂਟ ਉੱਤੇ ਫੁੱਲ ਬੂਟੀ ਪਵਾਵੇ
ਉਹਦੀ ਬੇਰੰਗ ਜ਼ਿੰਦਗੀ ਵਿੱਚ
ਫਿਰ ਤੋਂ ਰੰਗ ਭਰ ਜਾਵੇ
ਈਕਣ ਹੋਵੇ ਤਾਂ ਨਵਾਂ ਸਾਲ ਹੀ ਨਹੀਂ
ਮੈਂ ਹਰ ਦਿਨ ਨਵਾਂ ਸਾਲ ਸਮਝ ਮਨਾਵਾਂ

ਨਵਾਂ ਸਾਲ ਮੈਂ ਤਾਂ ਕਹਾਂ
ਜੇਕਰ ਬਿਰਹਣ ਦਿਲ ਦੀ ਬੇਲਣ
ਕੋਲ ਆ ਕੇ ਕਹੇ ਕਿ ਮੈਂ ਤੇਰੀ ਹੀ ਹਾਂ
ਕੋਈ ਮੈਨੂੰ ਤੇਰੇ ਤੋਂ ਜੁਦਾ ਨਹੀਂ ਕਰ ਸਕਿਆ
ਮੁੜ ਚਾਵਾਂ ਦਾ ਅੱਖ ਦੀ ਕੁੱਖੋਂ ਜਨਮ ਹੋਵੇ
ਤੇ ਮੁੜ ਰੰਗੀਨ ਤੇ ਪਾਕ ਸਾਫ਼ ਖਿਆਲ
ਬੰਦ ਦਿਮਾਗ ਦਾ ਦਰਵਾਜ਼ਾ ਖੜਕਾਉਣ
ਤੇ ਹਰ ਦਿਨ ਹੱਸਦਾ ਉੱਠਾਂ ਹੱਸਦਾ ਸੌਂਵਾਂ
ਈਕਣ ਹੋਵੇ ਤਾਂ ਨਵਾਂ ਸਾਲ ਹੀ ਨਹੀਂ
ਮੈਂ ਹਰ ਦਿਨ ਨਵਾਂ ਸਾਲ ਸਮਝ ਮਨਾਵਾਂ

ਨਵਾਂ ਸਾਲ ਮੈਂ ਤਾਂ ਕਹਾਂ
ਜੇਕਰ ਬਿਰਹਣ ਦਿਲ ਦੀ ਬੇਲਣ
ਕੋਲ ਆ ਕੇ ਕਹੇ ਕਿ ਮੈਂ ਤੇਰੀ ਹੀ ਹਾਂ
ਕੋਈ ਮੈਨੂੰ ਤੇਰੇ ਤੋਂ ਜੁਦਾ ਨਹੀਂ ਕਰ ਸਕਿਆ

ਮੁੜ ਚਾਵਾਂ ਦਾ ਅੱਖ ਦੀ ਕੁੱਖੋਂ ਜਨਮ ਹੋਵੇ
ਤੇ ਮੁੜ ਰੰਗੀਨ ਤੇ ਪਾਕ ਸਾਫ਼ ਖ਼ਿਆਲ
ਬੰਦ ਦਿਮਾਗ ਦਾ ਦਰਵਾਜ਼ਾ ਖੜਕੌਣ
ਤੇ ਹਰ ਦਿਨ ਹੱਸਦਾ ਉੱਠਾਂ ਹੱਸਦਾ ਸੌਂਵਾਂ
ਈਕਣ ਹੋਵੇ ਤਾਂ ਨਵਾਂ ਸਾਲ ਹੀ ਨਹੀਂ
ਮੈਂ ਹਰ ਦਿਨ ਨਵਾਂ ਸਾਲ ਸਮਝ ਮਨਾਵਾਂ

ਨਵਾਂ ਸਾਲ ਮੈਂ ਤਾਂ ਕਹਾਂ
ਜੇਕਰ ਠੇਕੇਦਾਰ ਦਿਹਾੜੀ ਕਰਦੇ ਮਜਦੂਰਾਂ ਨੂੰ
ਮੁਨਾਫੇ ਵਿੱਚ ਹਜ਼ਾਰ ਹਜ਼ਾਰ ਰੁਪਈਆ ਦੇਵੇ
ਤੇ ਉਹਨਾਂ ਨੂੰ ਛੁੱਟੀ ਕਰਕੇ ਉਹਨਾਂ ਨੂੰ
ਇੱਕ-ਇੱਕ ਕਮੀਜ਼ ਲੈਕੇ ਦੇਵੇ
ਤਾਂ ਜੋ ਉਹ ਵੀ ਆਪਣੇ ਬੀਵੀ ਬੱਚਿਆਂ ਨੂੰ
ਜਲੇਬ ਰਸਗੁੱਲੇ ਲਿਆ ਕੇ ਖਵੌਣ
ਤੇ ਆਪਣੇ ਪਰਿਵਾਰ ਨਾਲ ਆਪਣੇ
ਦਿਲ ਦੀਆਂ ਕੰਧਾਂ ਤੋਂ ਲੱਥੀਆਂ ਕਲੀਆਂ
ਨੂੰ ਮੁੜ ਰੰਗ ਕਰਨ ਤੇ ਉਹਨਾਂ ਨਾਲ ਸਮਾਂ ਬਿਤੌਣ
ਤਾਂ ਜੋ ਉਹਨਾਂ ਨੂੰ ਵੀ ਲੱਗੇ ਕਿ
ਖ਼ੁਦਾ ਨੇ ਉਹਨਾਂ ਦੇ ਹੱਕ ਦੀ ਗਵਾਹੀ ਭਰਤੀ

ਨਵਾਂ ਸਾਲ ਮੈਂ ਤਾਂ ਕਹਾਂ
ਜੇਕਰ ਕਿਸੇ ਸੜਕ 'ਤੇ ਬੈਠੇ ਗਰੀਬ ਨੂੰ
ਕੋਈ ਆਪਣੀ ਗੱਡੀ 'ਚ ਬਿਠਾ ਕੇ
ਉਸ ਨੂੰ ਘੁਮਾ ਫਿਰਾ ਕੇ ਉਸਨੂੰ
ਰੋਟੀ ਟੁੱਕ ਖੁਆ ਕੇ ਤੇ ਸੋਹਣੇ-ਸੋਹਣੇ
ਕੱਪੜੇ ਲੈ ਕੇ ਉਸ ਨੂੰ ਦੇਵਣ
ਜਾਂ ਘਰ ਆਏ ਭਿਖਾਰੀ ਨੂੰ
ਕੁਰਸੀ ਤੇ ਬਿਠਾਕੇ ਚਾਹ ਪਿਆ ਕੇ
ਤੇ ਉਸ ਨੂੰ ਲੀੜਾ ਲੱਤਾ ਦੇ ਕੇ ਤੋਰਨ
ਮੈਨੂੰ ਵੀ ਤਾਂ ਦਿਸੇ ਕਿ ਪੱਥਰ ਦਿਲ

ਫਿਰ ਤ ਨਰਮ ਹ ਗਏ ਨੇ

ਉਹੀ ਘਸੀ ਪਿਟੀ ਜ਼ਿੰਦਗੀ
ਉਹੀ ਭਾਰੇ ਭਾਰੇ ਸਾਹ
ਉਹੋ ਕਾਲਜੇ ਵਿੱਚ ਹੌਲ
ਤੇ ਉਹੀ ਮਰੇ ਮੁੱਕੇ ਚਾਅ
ਉਹੀ ਹੱਥ ਪਏ ਅੱਟਣ
ਉਹੀ ਪਾਟੀਆਂ ਅੱਡੀਆਂ
ਉਹੀ ਕੰਡਲੇ ਕੰਡਲੇ ਰਾਹ
ਤੇ ਉਵੇਂ ਅੱਖਾਂ ਟੱਡੀਆਂ
ਉਵੇ ਖੁਰਦੀਆਂ ਹੱਡੀਆਂ
ਪੂਰਨ ਤੌਰ 'ਤੇ ਮਰ ਗਈਆਂ
ਜੋ ਰੀਝਾਂ ਵੱਡੀਆਂ-ਵੱਡੀਆਂ
ਸਾਡਾ ਕਾਹਦਾ ਨਵਾਂ ਸਾਲ ਮੁਬਾਰਕ ਹੋਇਆ?

ਸਾਡਾ ਨਵਾਂ ਸਾਲ ਤਾਂ ਮੁਬਾਰਕ ਹੋਵੇ
ਜੇਕਰ ਮੇਰੇ ਸਲਤਨਤ ਦੀ ਰਾਣੀ
ਮੇਰੀ ਜ਼ਿੰਦਗੀ ਨੂੰ ਮੁਬਾਰਕ ਹੋਵੇ
ਜਿਵੇਂ ਮੋਈਆਂ ਰੀਝਾਂ ਸੁਫ਼ਨੇ ਚਾਅ
ਲੈ ਅਸੀਂ ਜੀ ਰਹੇ ਆਂ
ਜੇਕਰ ਉਸ ਨੂੰ ਵੀ ਬਿਰਹਾ ਅੱਗ 'ਚ
ਸੜਨ ਦੀ ਮੁਹਾਰਤ ਹੋਵੇ
ਜੇਕਰ ਮੇਰੇ ਨਾਮ ਦੀ ਵੀ
ਉਸ ਦੇ ਨਾਮ ਵਾਂਗਰ ਇਬਾਦਤ ਹਵੇ
ਕਾਸ਼ ਉਸ ਦੇ ਦਿਲ ਦੀ ਮੇਰੇ ਦਿਲ ਵਾਂਗਰ
ਇਸ਼ਕ ਦੀ ਜੰਗ 'ਚ ਸਹਾਦਤ ਹੋਵੇ
ਈਕਣ ਹੋਵੇ ਤਾਂ ਨਵਾਂ ਸਾਲ ਹੀ ਨਹੀਂ
ਮੈਂ ਹਰ ਦਿਨ ਨਵਾਂ ਸਾਲ ਸਮਝ ਮਨਾਵਾਂ
○

# ਜੱਟ ਦੇ ਘਰ

ਆਸ਼ਕ ਕਦੇ ਦਿਨ ਰਾਤ ਨਹੀਂ ਦੇਖਦਾ
ਇਸ਼ਕ 'ਚ ਡੁੱਬਿਆ ਜਾਤ ਨਹੀਂ ਦੇਖਦਾ
ਜਿਵੇ ਚੰਨ ਤੋਂ ਤਾਰੇ ਦੂਰ ਨਹੀਂ ਹੁੰਦੇ
ਤੂੰ ਸੋਚ ਤੋਂ ਮੇਰੀ ਅਲਹਿਦਾ ਨਹੀ ਹੋਇਆ
ਮੇਰਾ ਪਿਆਰ ਮੇਰੇ ਤੋਂ ਖੋਹ ਲਿਆ
ਮੈਂ ਜੱਟ ਦੇ ਘਰ ਜੋ ਪੈਦਾ ਨਹੀਂ ਹੋਇਆ

ਸਾਰੀ ਕਾਇਨਾਤ ਦੇ ਪਹਾੜ ਪੱਥਰ
ਮੇਰੇ ਸੀਨੇ ਆ ਕੇ ਬਹਿ ਗਏ ਨੇ
ਲਾਸ਼ ਹੀ ਰਹਿ ਗਈ ਤਨ ਅੰਦਰ
ਉਹ ਰੂਹ ਜੋ ਕੱਢ ਕੇ ਲੈ ਗਏ ਨੇ
ਦਿਲ ਨਾਲ ਸਾਹ ਵੀ ਲੈ ਗਏ
ਮੇਰਾ ਤਾਂ ਇਸ 'ਚ ਫਾਇਦਾ ਨੀ ਹੋਇਆ
ਮੇਰਾ ਪਿਆਰ ਮੇਰੇ ਤੋਂ ਖੋਹ ਲਿਆ
ਮੈਂ ਜੱਟ ਦੇ ਘਰ ਜੋ ਪੈਦਾ ਨਹੀਂ ਹੋਇਆ

ਏ ਖ਼ੁਦਾ! ਤੇਰੇ ਕਰਕੇ ਖ਼ੂਨ ਖਰਾਬੇ ਹੋਏ
ਤੂੰ ਫਿਰ ਵੀ ਇੰਨਾ ਜਬਰ 'ਚ ਹੈਂ
ਜੇ ਬਾਹਰ ਹੁੰਦਾ ਤਾਂ ਕੋਈ ਨਾ ਬਚਦਾ
ਚੰਗਾ ਹੈ ਅੱਲਾ ਤੂੰ ਕਬਰ 'ਚ ਹੈਂ
ਤੂੰ ਆਪ ਮਿਲਾਇਆ ਆਪ ਛੁਡਾਇਆ
ਰੱਬਾ ਤੂੰ ਬਾਹਲਾ ਭੈੜਾ ਨੀ ਹੋਇਆ?
ਤੂੰ ਮੇਰਾ ਪਿਆਰ ਮੇਰੇ ਤੋਂ ਖੋਹ ਲਿਆ
ਮੈਂ ਜੱਟ ਦੇ ਘਰ ਜੋ ਪੈਦਾ ਨਹੀਂ ਹੋਇਆ

ਜੇ ਮੰਜਿਲ ਤੀਕਰ ਪਹੁੰਚਣਾ ਏ
ਤਾਂ ਕਦੇ ਨਾ ਸੌਖਾ ਸਫ਼ਰ ਚੁਣੋ
ਚੰਗੀ ਜ਼ਿੰਦਗੀ ਜੀਣੀ ਏ ਤਾਂ
ਜਾਤ ਨੀ ਚੰਗਾ ਹਮਸਫ਼ਰ ਚੁਣੋ
ਮੇਰੇ ਯਾਰ 'ਚ ਮੈਂ ਮੇਰੇ ਵਿੱਚ ਯਾਰ
ਕਦੇ ਉਹ ਮੇਰੇ ਤੋਂ ਬਕਾਇਦਾ ਨਹੀਂ ਹੋਇਆ
ਫਿਰ ਵੀ ਪਿਆਰ ਮੇਰੇ ਤੋਂ ਖੋਹ ਲਿਆ
ਮੈਂ ਜੱਟ ਦੇ ਘਰ ਜੋ ਪੈਦਾ ਨਹੀਂ ਹੋਇਆ
○

# ਲੇਖਾ ਜੋਖਾ

ਲੇਖਾ ਜੋਖਾ ਹਰ ਇੱਕ ਦਾ ਉੱਪਰੋਂ ਹੀ ਲਿਖਿਆ ਏ
ਕਿੰਨਾ ਕਰਦੇ ਰਹੇ ਤੇਰਾ ਤੈਨੂੰ ਨਾ ਦਿਖਿਆ ਵੇ

ਰੱਬ ਨੂੰ ਵੀ ਭੁਲਕੇ ਚੇਤੇ ਤੈਨੂੰ ਮੁੱਖ ਰੱਖਿਆ ਸੀ
ਜੰਨਤ ਦੀ ਥਾਂ ਸੱਜਣਾ ਤੇਰਾ ਨਾਂ ਲਿਖਿਆ ਸੀ

ਹਾਸਿਲ ਸੀ ਜਦ ਤੂੰ ਹੋਇਆ ਰਾਹਵਾਂ ਸਭ ਛੱਡ ਬੈਠੇ ਸਾ
ਇਨ੍ਹਾਂ ਤੈਨੂੰ ਪਿਆਰ ਸੀ ਕਰਿਆ ਹੱਦਾਂ ਸਭ ਟੱਪ ਬੈਠ ਸਾ

ਜਿੱਦਣ ਦਾ ਵੱਖ ਹੋਇਐ ਤੂੰ ਰੁਲ ਗਏ ਬੱਸ ਤੱਪੜ ਵੇ
ਸੁਪਨੇ ਜੁੜ ਜੁੜ ਕੇ ਟੁੱਟਦੇ ਖੌਰੇ ਕੀ ਚੱਕਰ ਨੇ

ਖੁਸ਼ੀਆ ਤਾਂ ਨਾਲ ਸੀ ਤੇਰੇ ਜ਼ਿੰਦਗੀ ਹੁਣ ਝੱਖੜ ਏ
ਦਿਲ ਨੂੰ ਤਸੱਲੀ ਦੇਣ ਲਈ ਕਿਸਮਤ ਇੱਕ ਅੱਖਰ ਏ

ਮਿਲ ਗਈਆਂ ਸੀ ਲਕੀਰਾਂ ਮਿਲੀਆਂ ਤਕਦੀਰਾਂ ਨਾ
ਤੇਰੇ ਤੋਂ ਟੁੱਟ ਗਈ ਯਾਰੀ ਲਾ ਲਈ ਅਸੀਂ ਪੀੜਾਂ ਨਾਲ

ਹੌਕੇ ਸਾਡੇ ਮਿੱਤਰ ਬਣ ਗਏ ਦੁਸ਼ਮਣ ਬਣੇ ਹਾਸੇ ਵੇ
ਕਿਹੜੇ ਹੁਣ ਮੂੰਹ ਵਿੱਚ ਪੌਂਦੈ ਭੋਰ ਤੂੰ ਪਤਾਸੇ ਵੇ

ਚੰਨ ਤੋਂ ਚਿੱਟਾ ਮੂੰਹ ਤੇਰਾ ਦਿਲ ਦਾ ਤੂੰ ਕਾਲਾ ਏਂ
ਮੈਨੂੰ ਠੁਕਰਾਕੇ ਦੱਸ ਕੀ ਜ਼ਿੰਦਗੀ 'ਚ ਸੁਖਾਲਾ ਏਂ

ਏਦ੍ਹੇ ਵਿੱਚ ਦੋਸ਼ ਨਈਂ ਤੇਰਾ ਉੱਪਰੋਂ ਤਹਿ ਹੋਇਆ ਏ
ਤੈਨੂੰ ਕੀ ਪਤਾ ਚੀਕ ਦਿਲ ਕਈ ਵਾਰੀ ਰੋਇਆ ਏ

ਦੱਸਦੇ ਕੀ ਮਿਲਿਆ ਕੰਵਲਾ ਦਿਲ ਵਿੱਚੋਂ ਕੱਢ ਕੇ ਵੇ
ਏਡੀ ਕੀ ਦੁਨੀਆਂ ਜਿੱਤ ਲਈ ਕਮਲੀ ਨੂੰ ਛੱਡ ਕੇ ਵੇ

○

## ਖ਼ੁਆਰ ਮੁਹੱਬਤ

ਕਿੰਨਾ ਆਸਾਨ ਹੁੰਦਾ ਕਹਿਣਾ
ਇਸ ਮੁਹੱਬਤ ਨੂੰ ਮਾਰ ਦਈਏ
ਮਾਪੇ ਤਾਂ ਨਹੀਂ ਮੰਨੇ ਮੇਰੇ
ਚੱਲ ਆਪੋ ਆਪਣੇ ਰਾਹ ਪਈਏ

ਦਿਨੇ ਖਿਆਲਾਂ 'ਚ ਖੱਜਲ ਹੋਣਾ
ਰਾਤ ਖ਼੍ਵਾਬਾਂ 'ਚ ਖ਼ੁਆਰ ਹੋਣਾ
ਤਸੱਲੀ ਦੇ ਤੁਰ ਪੈਣਾ ਖ਼ੁਦ ਨੂੰ
ਸ਼ਾਇਦ ਤੈਨੂੰ ਵੀ ਇੰਤਜ਼ਾਰ ਹੋਣਾ
ਚੈਨ ਦਾ ਕੋਈ ਪਤਾ ਨਾ ਟਿਕਾਣਾ
ਤੜਪਦਾ ਰਹਿੰਦਾ ਹਾਂ ਪਲ-ਪਲ
ਸ਼ਾਇਦ ਮੇਰਾ ਕਫ਼ਨ ਤਿਆਰ ਹੋਣਾ

ਨੀਂਦ ਨਾ ਆਉਣੀ ਤੇ ਮੋਈ ਜਾਣਾ
ਤਸਵੀਰਾਂ ਵੱਲ ਵੇਖ ਰੋਈ ਜਾਣਾ
ਮੁੜ ਮੁੜ ਯਾਦਾਂ 'ਚ ਖੋਈ ਜਾਣਾ
ਮੈਂ ਪਾਗਲ ਪੂਗਲ ਹੋ ਈ ਜਾਣਾ
ਇਹੀ ਹੁੰਦਾ ਹੋਣੈ ਰੂਹ ਦਾ ਪਿਆਰ

ਤੇਰਾ ਚਲੇ ਜਾਣਾ ਸੀਨੇ ਕਿੱਲ ਗੱਡ ਕੇ
ਅਸਾਂ ਵੇਖੀ ਜਾਣਾ ਪਲਕਾਂ ਵਿਛਾਅ
ਰਾਹਾਂ ਵੱਲ ਮੂੰਹ ਟੱਡ ਕੇ
ਤੇਰਾ ਕੀ ਤੂੰ ਆਪਣੇ ਰਾਹ ਖੁਸ਼ ਏਂ
ਸਾਨੂੰ ਛੱਡ ਗਿਆ ਮਰਦਿਆਂ ਨੂੰ ਛੱਡ ਕੇ

ਮਸਾਂ ਤਾਂ ਸੌਣ ਦਾ ਨਾਟਕ ਕਰਦਾ ਮੈਂ
ਐਵੇਂ ਨੀਦ 'ਚੋਂ ਨਾ ਜਗਾਇਆ ਕਰ
ਰਹਿਮ ਕਰ ਜਾਂ ਅਹਿਸਾਨ ਕਰਦੇ
ਮੇਰੇ ਖ੍ਵਾਬਾਂ 'ਚ ਨਾ ਆਇਆ ਕਰ
ਜੇ ਆਉਣਾ ਘੜੀ ਬਹਿ ਕੇ ਜਾਇਆ ਕਰ
ਜਾਂ ਸੁਫ਼ਨੇ ਵਿੱਚ ਸ਼ਾਦੀ ਨਾ ਕਰਾਇਆ ਕਰ

ਇਹ ਸੁਫ਼ਨਾ ਮਾਰ ਮੁਕਾਉਂਦਾ ਅੰਦਰੋਂ
ਸਮਝ ਨੀ ਆਉਂਦੀ ਕੀ ਕਰਾਂ
ਤੈਨੂੰ ਮਸਜਿਦ 'ਚੋਂ ਮੰਗਾਂ ਜਾਂ ਮੰਦਰੋਂ
ਤੈਨੂੰ ਜਮੀਨ 'ਤੇ ਲੱਭਾਂ ਜਾਂ ਅੰਬਰੋਂ
ਜੇ ਮੈਨੂੰ ਕਦੇ ਤੂੰ ਮਿਲਣਾ ਚਾਹਵੇਂ
ਆ ਪਤਾ ਲੈ ਜਾਵੀਂ ਮੇਰਾ ਕਬਰੋਂ
○

## ਦੂਰੀਆਂ

ਜਿਸ ਨਾਲ ਜ਼ਿੰਦਗੀ ਲਿਖਣੀ ਸੀ
ਮੈਂ ਉਸ ਨਾਲ ਮਜ਼ਬੂਰੀਆਂ ਲਿਖ ਬੈਠਾ
ਲਿਖਣੀ ਸੀ ਜਿਸ ਥਾਂ 'ਤੇ ਮੰਜ਼ਿਲ
ਮੈਂ ਉਸ ਥਾਂ 'ਤੇ ਦੂਰੀਆਂ ਲਿਖ ਬੈਠਾ
ਜੋ ਤਲੀਆਂ ਹੇਠ ਪਲਕਾਂ ਵਿਛਾਉਂਦਾ ਸੀ
ਮੈਂ ਉਸ ਨਾਲ ਮਗਰੂਰੀਆਂ ਲਿਖ ਬੈਠਾ
ਪਲ ਨਾ ਝਮਕਦਾ ਸੀ ਅੱਖ ਵੇਖ ਮੈਨੂੰ
ਮੈਂ ਉਸ ਵੱਲ ਘੂਰੀਆਂ ਲਿਖ ਬੈਠਾ
ਕੁੱਝ ਮੁਖੜਿਆਂ 'ਤੇ ਹਾਸਾ ਦੇਖਣ ਲਈ
ਮੈਂ ਖਾਮ ਖਾਹ ਦੂਰੀਆਂ ਲਿਖ ਬੈਠਾ

o

## ਖ਼੍ਵਾਬ

ਕੁੱਝ ਤੇਰੇ ਸੀ
ਕੁੱਝ ਮੇਰੇ ਸੀ
ਜੋ ਮੇਰੇ ਸੀ
ਉਹ ਤੇਰੇ ਸੀ
ਜੋ ਤੇਰੇ ਸੀ
ਉਹ ਮੇਰੇ ਸੀ
ਪਰ ਜੋ ਬਿਖਰ ਗਏ
ਉਹ ਤੇਰੇ ਮੇਰੇ ਸੀ
ਬਸ ਉਸਤੋਂ ਬਾਦ
ਤੇਰੇ ਤੇਰੇ ਸੀ
ਮੇਰੇ ਮੇਰੇ ਸੀ

## ਹਕੀਕਤ

ਤੂੰ ਕਦੇ ਖ਼ਾਬਾਂ 'ਚ ਆਇਆ
ਕਦੇ ਖਿਆਲਾਂ 'ਚ ਆਇਆ
ਕਦੇ ਜਵਾਬਾਂ 'ਚ ਆਇਆ
ਕਦੇ ਸਵਾਲਾਂ 'ਚ ਆਇਆ
ਕਦੇ ਦੁਆਵਾਂ 'ਚ ਆਇਆ
ਕਦੇ ਅਕੀਦਤ 'ਚ ਆਇਆ
ਆਇਆ ਤੂੰ ਹਰ ਰੂਪ ਧਾਰਕੇ
ਕਿਉਂ ਹਕੀਕਤ 'ਚ ਨਹੀਂ ਆਇਆ?
○

# ਮਿਲਣ

ਸਾਡੀਆਂ
ਸੋਚਾਂ ਦਾ ਮਿਲਣ ਹੋਇਆ
ਖਿਆਲਾਂ ਦਾ ਮਿਲਣ ਹੋਇਆ
ਖ਼੍ਵਾਬਾਂ ਦਾ ਮਿਲਣ ਹੋਇਆ
ਰੂਹਾਂ ਦਾ ਵੀ ਮਿਲਣ ਹੋਇਆ
ਫਿਰ ਕੀ ਅਗਰ
ਜਿਸਮਾਂ ਦਾ ਮਿਲਣ ਰਹਿ ਗਿਆ
ਕਮੀਂ ਤਾਂ ਕਿਤੇ ਨਾ ਕਿਤੇ ਰਹਿ ਜਾਂਦੀ ਏ
ਜਿਵੇਂ ਰਾਤਾਂ ਹਿੱਸੇ ਸੂਰਜ ਨਹੀਂ ਆਇਆ
ਉਵੇਂ ਮੇਰੇ ਹਿੱਸੇ ਤੂੰ ਵੀ ਨਹੀਂ ਆਈ
○

# ਕਿਉਂ ਨਾ ਚੱਲਿਆ

ਮੇਰੇ ਨਾਲ ਸੂਰਜ ਚੱਲਦਾ ਏ
ਨਾਲ ਬੱਦਲ ਭਾਰੇ ਚੱਲਦੇ ਨੇ
ਮੈਂ ਜਦ ਵੀ ਵੇਖਾਂ ਅੰਬਰ ਵੱਲ
ਮੇਰੇ ਨਾਲ ਸਿਤਾਰੇ ਚੱਲਦੇ ਨੇ
ਤੂੰ ਕਿਉ ਨਾ ਚੱਲਿਆ ਨਾਲ ਮੇਰੇ
ਮੇਰੇ ਨਾਲ ਤਾਂ ਸਾਰੇ ਚੱਲਦੇ ਨੇ

ਮੇਰੇ ਨਾਲ ਉਮੀਦਾ ਚੱਲਦੀਆਂ ਨੇ
ਮੇਰੇ ਨਾਲ ਸਹਾਰੇ ਚੱਲਦੇ ਨੇ
ਨਾਲ ਬੇ-ਉਮੀਦੇ ਤੁਰ ਪੈਂਦੇ
ਮੇਰੇ ਨਾਲ ਉਜਾੜੇ ਚੱਲਦੇ ਨੇ
ਤੂੰ ਕਿਉਂ ਨਾ ਚੱਲਿਆ ਨਾਲ ਮੇਰੇ
ਮੇਰੇ ਨਾਲ ਤਾਂ ਸਾਰੇ ਚੱਲਦੇ ਨੇ

ਮੇਰੇ ਨਾਲ ਛੱਲਾਂ ਚੱਲਦੀਆਂ ਨੇ
ਮੇਰੇ ਨਾਲ ਕਿਨਾਰੇ ਚੱਲਦੇ ਨੇ
ਮੇਰੇ ਨਾਲ ਮੁਸੀਬਤ ਚੱਲਦੀ ਹੈ
ਮੇਰੇ ਨਾਲ ਪਵਾੜੇ ਚੱਲਦੇ ਨੇ
ਮੇਰੇ ਨਾਲ ਬੇਚੈਨੀ ਚੱਲਦੀ ਹੈ
ਮੇਰੇ ਨਾਲ ਨਜ਼ਾਰੇ ਚੱਲਦੇ ਨੇ
ਤੂੰ ਕਿਉਂ ਨਾ ਚੱਲਿਆ ਨਾਲ ਮੇਰੇ
ਮੇਰੇ ਨਾਲ ਤਾਂ ਸਾਰੇ ਚੱਲਦੇ ਨੇ

## ਜ਼ਿੰਦਗੀ

ਰੁੱਖਾਂ ਜਹੀ ਹੋ ਗਈ ਏ ਜ਼ਿੰਦਗੀ
ਕੋਈ ਕੋਲ ਆਉਂਦਾ ਵੀ ਏ
ਤਾਂ ਸਿਰਫ ਛਾਂ ਲੈਣ ਵਾਸਤੇ

ਕਿਸੇ ਦੇ ਸਿਰ ਦਾ ਸਾਇਆ
ਤੁਰ ਗਿਆ ਉਸ ਪਾਰ
ਕੋਈ ਤਰਸਦਾ ਰਹੇ ਇਸ ਪਾਰ
ਮੂੰਹੋਂ ਮਾਂ ਕਹਿਣ ਵਾਸਤੇ

ਮੰਦਿਰ ਵੀ ਤੇ ਮਸਜਿਦ ਵੀ
ਬਣ ਗਏ ਬਜ਼ਾਰ ਮੁਹੱਬਤਾਂ ਦੇ
ਕੋਈ ਨਈਂ ਜਾਂਦਾ ਤਨੋ ਮਨੋ
ਖ਼ੁਦਾ ਦਾ ਨਾਂ ਲੈਣ ਵਾਸਤੇ

ਸਾਦਗੀ ਤੇ ਨਰਮਾਈ ਨਹੀਂ
ਚਿੱਟੀ ਕਾਲੀ ਚਮੜੀ ਵਿੱਚ
ਹਰ ਕੋਈ ਲੱਭਦੈ ਮੌਕਾ
ਦੂਜੇ ਨੂੰ ਨੀਵਾਂ ਕਹਿਣ ਵਾਸਤੇ

ਨਫ਼ਰਤ, ਈਰਖਾ, ਕ੍ਰੋਧ, ਅਹੰਕਾਰ
ਹੋਰ ਕੀ ਕੁੱਝ ਜਰਨਾ ਪੈਂਦਾ
ਕਿਸੇ ਨੂੰ ਅਪਣਾ ਲੈਣ ਵਾਸਤੇ

ਰੁੱਖਾਂ ਜਈ ਹੋ ਗਈ ਏ ਜ਼ਿੰਦਗੀ
ਕੋਈ ਕੋਲ ਆਉਂਦਾ ਵੀ ਏ
ਤਾਂ ਸਿਰਫ ਛਾਂ ਲੈਣ ਵਾਸਤੇ
○

## ਜ਼ਿੰਦਗੀ

ਰੁੱਖਾਂ ਜਹੀ ਹੋ ਗਈ ਏ ਜ਼ਿੰਦਗੀ
ਕੋਈ ਕੋਲ ਆਉਂਦਾ ਵੀ ਏ
ਤਾਂ ਸਿਰਫ਼ ਛਾਂ ਲੈਣ ਵਾਸਤੇ

ਕਿਸੇ ਦੇ ਸਿਰ ਦਾ ਸਾਇਆ
ਤੁਰ ਗਿਆ ਉਸ ਪਾਰ
ਕੋਈ ਤਰਸਦਾ ਰਹੇ ਇਸ ਪਾਰ
ਮੂੰਹੋਂ ਮਾਂ ਕਹਿਣ ਵਾਸਤੇ

ਮੰਦਿਰ ਵੀ ਤੇ ਮਸਜਿਦ ਵੀ
ਬਣ ਗਏ ਬਜ਼ਾਰ ਮੁਹੱਬਤਾਂ ਦੇ
ਕੋਈ ਨਈਂ ਜਾਂਦਾ ਤਨੋ ਮਨੋ
ਖ਼ੁਦਾ ਦਾ ਨਾਂ ਲੈਣ ਵਾਸਤੇ

ਸਾਦਗੀ ਤੇ ਨਰਮਾਈ ਨਹੀਂ
ਚਿੱਟੀ ਕਾਲੀ ਚਮੜੀ ਵਿੱਚ
ਹਰ ਕੋਈ ਲੱਭਦੈ ਮੌਕਾ
ਦੂਜੇ ਨੂੰ ਨੀਵਾਂ ਕਹਿਣ ਵਾਸਤੇ

ਨਫ਼ਰਤ, ਈਰਖਾ, ਕ੍ਰੋਧ, ਅਹੰਕਾਰ
ਹੋਰ ਕੀ ਕੁੱਝ ਜਰਨਾ ਪੈਂਦਾ
ਕਿਸੇ ਨੂੰ ਅਪਣਾ ਲੈਣ ਵਾਸਤੇ

ਰੁੱਖਾਂ ਜਈ ਹੋ ਗਈ ਏ ਜ਼ਿੰਦਗੀ
ਕੋਈ ਕੋਲ ਆਉਂਦਾ ਵੀ ਏ
ਤਾਂ ਸਿਰਫ਼ ਛਾਂ ਲੈਣ ਵਾਸਤੇ
○

## ਕਿੱਥੇ ਲੱਭਾਂ

ਦੱਸ ਕਿੱਥੋਂ ਲੱਭਾਂ ਤੈਨੂੰ ਅਤੇ ਕਿੱਥੇ ਲੱਭਾਂ ਤੈਨੂੰ
ਭਲਾ ਉੱਥੇ ਲੱਭਾਂ ਤੈਨੂੰ ਜਾਂ ਇੱਥੇ ਲੱਭਾਂ ਤੈਨੂੰ
ਥਾਂ ਟਿਕਾਣਾ ਤਾਂ ਦੱਸ ਜਿੱਥੇ ਜਿੱਥੇ ਲੱਭਾਂ ਤੈਨੂੰ

ਚੰਨ ਦੇ ਨੇੜੇ ਲੱਭਾਂ ਜਾਂ ਤਾਰਿਆਂ ਉਹਲੇ
ਸਾਗਰਾਂ ਅੰਦਰ ਜਾਂ ਕਿਨਾਰਿਆਂ ਉਹਲੇ
ਫੁੱਲਾਂ ਵਿੱਚ ਜਾਂ ਕਿਆਰਿਆਂ ਉਹਲੇ
ਹੱਸਦੇ ਹੋਠਾਂ ਕੋਲ ਜਾਂ ਹੰਝੂ ਹਾਰਿਆਂ ਉਹਲੇ
ਵੇਖਾਂ ਮੋਤੀਆਂ ਕੋਲ ਜਾਂ ਕਿਸਮਤ ਵਾਲਿਆਂ ਉਹਲੇ

ਪੁੱਛਾਂ ਕਾਵਾਂ ਕੋ ਜਾਂ ਚਿੜੀਆਂ ਕੋ
ਬਾਗਾਂ ਕੋ ਜਾਂ ਝਿੜੀਆਂ ਕੋ
ਪੁੱਛਾਂ ਟਟੀਰੀਆਂ ਕੋ ਜਾਂ ਕੀੜੀਆਂ ਕੋ
ਜਾਂ ਪੁੱਛਾਂ ਕਿਸੇ ਦੀਆਂ ਅੱਖਾਂ ਖਿੜੀਆਂ ਕੋ

ਮਸਜਿਦ ਵਿੱਚ ਨਾ ਮੰਦਰ ਵੱਲੇ
ਧਰਤੀ ਉੱਤੇ ਨਾ ਅੰਬਰ ਵੱਲੇ
ਬਾਹਰ ਦੇਖੀ ਨਾ ਅੰਦਰ ਵੱਲੇ
ਜੇ ਮੈਨੂੰ ਲੱਭਣਾ ਤਾਂ ਲੱਭੀਂ ਖੰਡਰ ਵੱਲੇ
○

## ਇਸ਼ਕੇ ਦੇ ਲੇਖੇ

ਮੇਰੀ ਸੋਚ ਨੂੰ ਖਾਂਦਾ ਕੀੜਾ ਤੇਰੀਆਂ ਯਾਦਾਂ ਦਾ
ਚੁੱਭਦਾ ਦਿਲ ਨੂੰ ਚੰਨ ਹਨੇਰੀਆਂ ਰਾਤਾਂ ਦਾ
ਹਾਸਿਆਂ ਨੂੰ ਗ਼ਮ ਘੇਰਾ ਪਾ ਕੇ ਬੈਠ ਗਏ
ਕੌਣ ਜਾਣੇ ਹੁਣ ਹਾਲ ਮੇਰੇ ਹਾਲਾਤਾਂ ਦਾ

ਲੱਖ ਸਮਝਾਵਾਂ ਦਿਲ ਭੈੜਾ ਪਰ ਕੀ ਕਰੀਏ
ਰਾਤ ਸਵੇਰੇ ਖਿਆਲ ਉਹੀ ਮੁੜ ਆਉਂਦਾ ਏ
ਠੋਕਰ ਇਸ਼ਕ ਦੀ ਆਸ਼ਿਕ ਮਾਰ ਮੁਕਾਉਂਦੀ ਹੈ
ਹੈਰਾਨ ਮੈਂ ਕਿ ਤੂੰ ਹਲੇ ਤੀਕ ਜਿਉਂਦਾ ਏ

ਅਰਸ਼ੋਂ ਡਿੱਗਿਆ ਪੰਛੀ ਕਿੱਥੇ ਬਚਦਾ ਏ
ਮੁੜ ਵਿਚਾਰਾ ਕਦੋਂ ਉਡਾਰੀ ਲਾਉਂਦਾ ਏ
ਨਜਰੋਂ ਲੱਥੇ ਮੁੜਕੇ ਅੱਖ 'ਤੇ ਚੜ੍ਹਦੇ ਨਈਂ
ਪਰ ਤੂੰ ਹਾਲੇ ਤੀਕਰ ਉਸਨੂੰ ਚਾਹੁੰਦਾ ਏਂ

ਹੰਝੂ ਡੋਲ੍ਹ ਨਾ ਅੰਦਰੋਂ ਪਾਣੀ ਮੁਕਾ ਲਵੀਂ
ਆਂਦਰਾਂ ਹਿਜਰ ਦੀ ਅੱਗ 'ਚ ਨਾ ਸੜਾ ਲਵੀਂ
ਮੋਏ ਸੱਜਣ ਨੂੰ ਰੋ-ਰੋ ਥੱਕ ਜਾਣ ਅੱਖੀਆਂ ਵੀ
ਪਰ ਤੂੰ ਵਰ੍ਹਿਆ ਬਾਅਦ ਵੀ ਉਨਾਂ ਈ ਰੋਂਦਾ ਏਂ

ਨਸ਼ੇ 'ਚ ਡੁੱਬਿਆ ਲੋਕ ਬੜਾ ਕੁੱਝ ਕਹਿੰਦੇ ਨੇ
ਮੈਨੂੰ ਓਹੀ ਸਮਝਣ ਜੋ ਵਿਛੋੜੇ ਸਹਿੰਦੇ ਨੇ
ਕੋਈ ਦੱਸੇ ਕਿ ਮੈਂ ਡੁੱਬਿਆ ਯਾਦ ਸੱਜਣ ਦੀ 'ਚ
ਨਾਜਾਇਜ਼ ਅੱਖਾਂ ਵਿੱਚ ਲਾਲੀ ਕਿਹੜਾ ਚੋਂਦਾ ਏ

ਇਸ਼ਕ ਦਾ ਦਰਿਆ ਵਿੱਚ ਬਿਰਹੋਂ ਦੀ ਅੱਗ ਮੱਚੀ
ਤਰ ਜਾਣਾ ਜਾਂ ਸੜ ਜਾਣਾ ਦਿਲ ਕਹਿੰਦਾ ਏ
ਤਰ ਗਿਆ ਤਾਂ ਰੂਹ ਇਸ਼ਕੇ ਦੇ ਲੇਖੇ ਲੱਗੂ
ਸੜਿਆ ਤਾਂ ਕੀ ਸਰੀਰ ਤਾਂ ਸੜਦਾ ਰਹਿੰਦਾ ਏ

## ਦੱਸ ਖਾਂ

ਰੂਹ ਅੰਦਰ ਤੇਰੇ ਰਚ ਗਏ ਹਾਂ
ਕਿਵੇਂ ਦਿਲ ਚੋਂ ਕੱਢੇਂਗਾ
ਹਵਾ ਬਣ ਆਵਾਂਗੇ ਸ਼ਹਿਰ ਤੇਰੇ
ਕੀ ਉਹ ਸ਼ਹਿਰ ਵੀ ਛੱਡੇਂਗਾ?

ਬਾਗਾਂ ਦੇ ਵਿੱਚ ਫੁੱਲ ਖਿਲਦੇ
ਮੁਰਝਾ ਨਾ ਜਾਵਣ ਕਿਧਰੇ ਨੀ
ਸਹਾਰਾ ਦੇਵਾਂ ਜੇ ਪਾਣੀ ਬਣ
ਕੀ ਉਹ ਬਾਗ ਵੀ ਵੱਢੇਂਗਾ?

ਕਬਰਾਂ ਦੇ ਵਿੱਚ ਕਬਰਾਂ ਸੁੱਤੀਆਂ
ਸੁੱਤਾ ਰਾਤ ਕੁੱਲ ਆਲਮ ਵੀ
ਜੇ ਮੈਂ ਕਿਧਰੇ ਸੌਂ ਗਿਆ ਤਾਂ
ਇੱਕ ਅੱਥਰੂ ਮੇਰੇ ਲਈ ਕੱਢੇਂਗਾ?

ਇਜ਼ਹਾਰ ਕਰਿਆ ਮੈਂ ਪਿਆਰ ਕਰਿਆ
ਤੂੰ ਨਫ਼ਰਤ ਕਰ ਭਰ ਭਰਕੇ
ਜਾ ਨਈਂ ਆਉਂਦਾ ਮੈਂ ਸ਼ਹਿਰ ਤੇਰੇ
ਹੁਣ ਤਾਂ ਸੱਜਣਾ ਤੂੰ ਹੱਸੇਂਗਾ?

ਸਾਹ ਮੈਂ ਲੇਖੇ ਲਾਏ ਤੇਰੇ
ਧੜਕਣ ਧੜਕੇ ਤੇਰੇ ਲਈ
ਕੋਈ ਪਾਗਲ ਤੇਰੇ ਲਈ ਪਾਗਲ ਸੀ
ਕੀ ਕਦੇ ਕਿਸੇ ਨੂੰ ਦੱਸੇਂਗਾ?

ਪਾਰ ਕਰ ਗਿਆ ਦਿਲ ਦੀਆਂ ਜਗੀਰਾਂ
ਮਾਰਕੇ ਤੁਰਿਆ ਮਜ਼ਹਬ ਦੀਆਂ ਲਕੀਰਾਂ
ਲਕੀਰਾਂ ਦੁਆਲੇ ਮੈਂ ਬੈਠ ਉਡੀਕਾਂ
ਕਿਸ ਦਿਨ ਵਡਭਾਗੇ ਤੂੰ ਟੱਪੇਂਗਾ?

ਰਾਖ ਨੇ ਸਾਰੇ ਮਸਜਿਦ ਮੰਦਿਰ
ਖ਼ੁਦਾ ਵਸੇ ਤੇਰੀ ਅੱਖ ਅੰਦਰ
ਤੱਕਿਆ ਇਲਾਹੀ ਨੂਰ ਤੇਰੇ 'ਚੋਂ
ਕੀ ਮੇਰੇ 'ਚੋਂ ਬੰਦਾ ਲੱਭੇਂਗਾ?

ਕੁੱਝ ਨੀ ਖਾਂਦੇ ਕੁੱਝ ਨੀ ਪੀਂਦੇ
ਵਿੱਛੜੇ ਜੋ ਮਜ਼ਬੂਰੀਆਂ 'ਚ
ਕਦ ਅਸਾਨੂੰ ਭੇਜ ਸੁਨੇਹੇ
ਤੂੰ ਦਾਅਵਤ ਉੱਤੇ ਸੱਦੇਂਗਾ?

ਰੂਹ ਅੰਦਰ ਤੇਰੇ ਰਚ ਗਏ ਹਾਂ
ਕਿਵੇਂ ਦਿਲ 'ਚ ਕੱਢੇਂਗਾ
ਹਵਾ ਬਣ ਆਵਾਂਗੇ ਸ਼ਹਿਰ ਤੇਰੇ
ਕੀ ਉਹ ਸ਼ਹਿਰ ਵੀ ਛੱਡੇਂਗਾ?
○

# ਖਿਆਲਾਂ ਦੀ ਰਾਣੀ

ਜ਼ਿੰਦਗੀ 'ਚ ਬੜਾ ਸਬਰ ਕੀਤਾ
ਦਿਲ ਨੂੰ ਸਦਾ ਮੈਂ ਕਬਰ ਕੀਤਾ
ਜਿੰਨਾਂ ਨਾਲ ਸੀ ਪਿਆਰ ਬੜਾ
ਭੈੜੇ ਵਕਤ ਨੇ ਉਹੀ ਖੋਹ ਲੀਤਾ

ਖ਼ਾਬਾਂ ਨੇ ਚੀਰੇ 'ਤੇ ਕਲਗੀ ਲਗਾਈ
ਖਿਆਲਾਂ ਦੀ ਰਾਣੀ ਨਾ ਸਜੀ ਨਾ ਆਈ
ਦਿਲ ਦੇ ਵਿਹੜੇ ਮੁਹੱਬਤਾਂ ਰੋਈਆਂ
ਰੀਝ ਮੇਰੀ ਜਾ ਪੀੜ ਵਿਆਹੀ

ਸੂਰਜ ਡੁੱਬਣ 'ਤੇ ਅੱਖ ਮੇਰੀ ਡੁੱਲ੍ਹਗੀ
ਬੱਦਲਾਂ ਉਹਲੇ ਜਾ ਚਾਨਣੀ ਛੁਪਗੀ
ਚੰਨ ਦੀ ਤਲੀ ਵੇਖ ਫਿੱਕੀ ਜਈ ਮਹਿੰਦੀ
ਤਾਰਿਆਂ ਦੀ ਬਰਾਤ ਅੰਬਰ ਤੋਂ ਮੁੜਗੀ

ਕੀ ਦੱਸੀਏ ਰੁਲਗੀ ਜਿੰਦੜੀ ਨਿਮਾਣੀ
ਫੁੱਲਾਂ ਦਾ ਕਾਤਲ ਬਣਿਆ ਏ ਪਾਣੀ
ਜਿੰਨਾ 'ਤੇ ਵਿਸ਼ਵਾਸ ਸਾਹਾਂ ਤੋਂ ਵੱਧ ਕੇ
ਜਜ਼ਬਾਤਾਂ ਨਾ ਖੇਡੇ ਉਹ ਰੂਹਾਂ ਦੇ ਹਾਣੀ

ਫ਼ਿਜ਼ਾਵਾਂ ਤੋਂ ਸੱਜਣ ਝੱਖੜ ਕਿੱਦਾਂ ਬਣਗੇ
ਲੋਹੇ ਪਿਘਲ ਕੇ ਲੱਕੜ ਕਿੱਦਾਂ ਬਣਗੇ
ਵਿਛੋੜੇ ਦਾ ਨਾਂ ਸੁਣ ਰੋ ਸੀ ਜੋ ਪੈਂਦੇ
ਮਖਮਲ ਜਹੇ ਉਹ ਪੱਥਰ ਕਿੱਦਾਂ ਬਣਗੇ

ਦੁਆਵਾਂ ਅਸਾਨੂੰ ਅਸਰ ਨਹੀਂ ਕੀਤਾ
ਸੁੱਖਾਂ ਦਾ ਅਜ਼ਲੋਂ ਘੁੱਟ ਨਹੀਂ ਪੀਤਾ
ਜ਼ਿੰਦਗੀ 'ਚ ਸਦਾ ਸਬਰ ਹੀ ਕੀਤਾ
ਦਿਲ ਨੂੰ ਸਦਾ ਮੈਂ ਕਬਰ ਹੀ ਕੀਤਾ

O

## ਘੜੀ

ਜਾਣੇ ਅਣਜਾਣੇ
ਕਦੇ ਸਾਨੂੰ ਵੀ ਚਾਅ ਲਿਆ ਕਰ
ਨਹੀਂ ਪਤਾ ਲੈਣਾ
ਤਾਂ ਵੀ ਖਾਮਖਾਹ ਲਿਆ ਕਰ
ਕਦੇ ਦਿੱਤੀ ਸੀ ਜੋ ਤੈਨੂੰ
ਸਾਨੂੰ ਸਮਾਂ ਦੇਣ ਵਾਸਤੇ
ਘੜੀ ਦੀ ਘੜੀ
ਸਾਡੀ "ਘੜੀ" ਪਾ ਲਿਆ ਕਰ
○

## ਅਮੀਰ ਆਦਮੀ

ਹੈਸੀਅਤ ਨਹੀਂ ਕਿ
ਤੇਰੇ ਬਰਾਬਰ ਖੜ੍ਹ ਜਾਈਏ
ਹਰ ਕਿਸੇ ਦੀ ਪੈਦਾਇਸ਼
ਉੱਚੇ ਘਰਾਣੇ 'ਚ ਹੋਵੇ
ਇਹ ਵੀ ਹਰ ਵਕਤ
ਲਾਜ਼ਮੀ ਨਹੀਂ ਹੁੰਦਾ
ਪਰ ਮੈਂ ਸੁਣਿਆਂ
ਇੱਕ ਫਕੀਰ ਕਹਿੰਦਾ ਸੀ
ਕਿ ਜਿਸ ਕੋਲ
ਦਿਲ ਦੀ ਅਮੀਰੀ ਹੋਵੇ
ਉਸ ਤੋਂ ਅਮੀਰ
ਕੋਈ ਆਦਮੀ ਨਹੀਂ ਹੁੰਦਾ
✪

## ਮੈਂ ਤੇ ਮੈਂ

ਬੜੀ ਦੇਰ ਹੋ ਗਈ ਖੁੱਲ੍ਹ ਕੇ ਹੱਸੇ ਨੂੰ
ਮਨ ਵੀ ਨਹੀਂ ਕਰਦਾ ਖੁਸ਼ ਹੋਵਣ ਦਾ
ਪਰ ਜਦ ਹੱਸਦਾ ਤਾਂ ਮੈਂ ਹੱਸਦਾ ਬਹੁਤ ਆਂ

ਬੜੀ ਕੋਸ਼ਿਸ਼ ਕਰੀ ਦੁਨੀਆ ਨੇ ਰਵਾਉਣ ਦੀ
ਮੇਰੇ ਕੋਲੋਂ ਮੇਰੇ ਖਿਆਲ ਖੋਹਣ ਦੀ
ਪਰ ਜਦ ਰੋਵਾਂ ਤਾਂ ਮੈਂ ਰੋਂਦਾ ਬਹੁਤ ਵਾਂ

ਵੈਸੇ ਤਾਂ ਅੱਖ ਦੀ ਨੀਂਦਰ ਨਾਲ ਬਣਦੀ ਨਹੀਂ
ਜ਼ਿਆਦਾਤਰ ਜਾਗਦਾ ਹੀ ਰਹਿੰਦਾ ਵਾਂ
ਪਰ ਜਦ ਸੌਂਵਾਂ ਤਾਂ ਮੈਂ ਸੌਂਦਾ ਬਹੁਤ ਵਾਂ

ਜਵਾਨੀ ਚੁੱਪ-ਚੁੱਪ ਰਹਿ ਕੇ ਬੀਤ ਚੱਲੀ
ਸ਼ਾਇਦ ਬੁਢਾਪਾ ਵੀ ਇੰਦਾਂ ਹੀ ਗੁਜ਼ਰ ਜਾਵੇ
ਪਰ ਜਦ ਬੋਲਾਂ ਤਾਂ ਮੈਂ ਰੌਲਾ ਪਾਉਂਦਾ ਬਹੁਤ ਵਾਂ

ਰੌਣਕੀ ਜਿਹਾ ਆਖਦੇ ਸੀ ਸਭ ਮੈਨੂੰ
ਕੀ ਕਰਾਂ ਰੋਣੇ ਮੇਰੇ ਹਿੱਸੇ ਆਏ ਆ
ਪਰ ਜਦ ਹਸਾਵਾਂ ਤਾਂ ਮੈਂ ਹਸਾਉਂਦਾ ਬਹੁਤ ਵਾਂ

ਮਾਰ ਲਿਆ ਖੁਦ 'ਚੋਂ ਨਫ਼ਰਤ, ਈਰਖਾ ਤੇ ਚਿੜਚਿੜਾਪਨ
ਬੱਸ ਖੁਦ ਨੂੰ ਸ਼ਾਂਤ ਕਰ ਲਿਆ ਕਬਰਾਂ ਵਾਂਗ
ਪਰ ਜਦ ਗੁੱਸਾ ਆਉਂਦਾ ਤਾਂ ਮੈਨੂੰ ਆਉਂਦਾ ਬਹੁਤ ਵਾ

ਮਨ ਤੇ ਖਹਿ ਗਏ ਸਾਰੇ ਇੱਕ-ਇੱਕ ਕਰਕੇ
ਤਾਲਾ ਮਾਰ ਲਿਆ ਦਿਲ ਦੇ ਦਰਵਾਜ਼ੇ ਨੂੰ
ਪਰ ਜਦ ਕਿਸ ਨੂੰ ਚਾਹਵਾ ਤਾਂ ਮੈਂ ਚਾਂਹਦਾ ਬਹੁਤ ਵਾਂ

ਬੇਫਿਕਰੀ ਦਾ ਬਾਦਸ਼ਾਹ ਹੁੰਦਾ ਸੀ ਮੈ ਕਦੇ
ਬਟੂਏ ਵਿੱਚੋਂ ਧੇਲਾ ਕੱਢ ਕੇ ਰਾਜ਼ੀ ਨਹੀਂ ਹੁਣ
ਪਰ ਜਦ ਕਿਸੇ ਨੂੰ ਖਰਚਾਵਾਂ
ਤਾਂ ਖਰਚਾਉਂਦਾ ਬਹੁਤ ਵਾਂ

ਪਤਾ ਨੀ ਕਿਸ ਤਰ੍ਹਾਂ ਦੀ ਬਣ ਗਈ ਏ ਜ਼ਿੰਦਗੀ
ਪਤਾ ਨਹੀਂ ਕਿਸ ਤਰ੍ਹਾਂ ਦਾ ਬਣਾ ਲਿਆ ਖ਼ੁਦ ਨੂੰ
ਜਿਸ ਮਰਜ਼ੀ ਹਾਲ 'ਚ ਹੋਵਾਂ ਰਾਜ਼ੀ ਰਹਿੰਦਾ ਹਾਂ
ਰੱਬ ਦਾ ਦਿਨ ਰਾਤ ਸ਼ੁਕਰਾਨਾ ਕਹਿੰਦਾ ਵਾਂ
ਪਰ ਜਦ ਮੌਤ ਨੂੰ ਬੁਲਾਵਾਂ ਤਾਂ ਮੈਂ ਬੁਲਾਉਂਦਾ ਬਹੁਤ ਵਾਂ
○

# ਸੋ ਖ਼ੈਰ ਹੋਈ

ਚੱਲ ਜੋ ਹੋਈ ਸੋ ਖ਼ੈਰ ਹੋਈ
ਮੇਰਾ ਰੱਬ ਨੀ ਤੈਥੋਂ ਬਗੈਰ ਕੋਈ
ਜਿਸ ਵਕਤ ਨਾ ਤੈਨੂੰ ਨੇੜੇ ਪਾਵਾਂ
ਨਾ ਦਿਨ ਐਸਾ ਨਾ ਦੁਪਹਿਰ ਕੋਈ
ਛੱਡ ਕੇ ਵੀ ਤਾਂ ਮਾਰ ਹੀ ਛੱਡਿਆ
ਨਾ ਹਿਜ਼ਰੋਂ ਭੈੜਾ ਕਹਿਰ ਕੋਈ
ਤੇਰਾ ਭਲਾ ਵੀ ਦੁੱਗਣਾ ਹੁੰਦਾ
ਦੇ ਜਾਂਦਾ ਜੇ ਜ਼ਹਿਰ ਕੋਈ
ਅੱਖਾਂ ਪਿੱਛੇ ਸਮੁੰਦਰ ਦੱਬਿਆ
ਬਣ ਨਾ ਜਾਵੇ ਲਹਿਰ ਕੋਈ
ਸ਼ਹਿਰ ਤੇਰਾ ਕਿਤੇ ਡੋਬ ਨਾ ਦੇਵੇ
ਰੋ ਰੋ ਚੱਤੇ ਪਹਿਰ ਕੋਈ

○

## ਕਿਆਮਤ

ਮੇਰੇ ਹਰਫ਼ਾਂ ਨੂੰ ਨਿਆਮਤ ਮਿਲੀ ਏ
ਇਸ਼ਕ ਦੇ ਰਾਹ ਕਿਆਮਤ ਮਿਲੀ ਏ
ਦਿਲ ਮੋਇਆ ਪਰ ਸਾਹ ਨੇ ਚਲਦੇ
ਰੂਹ ਹਿਜ਼ਰ 'ਚੋਂ ਬਰਾਮਦ ਮਿਲੀ ਏ
ਤਬੀਬਾਂ ਫਰੋਲਿਆ ਜਿਸਮ ਦਾ ਪੋਟਾ
ਹਰ ਨਬਜ਼ੋਂ ਪੀੜ ਅਲਾਮਤ ਮਿਲੀ ਏ
ਰਾਹਾਂ 'ਚ ਗੁੰਮਿਆ ਭਰ ਅੱਥਰੂ ਕੋਰੇ
ਉਹ ਮੰਜ਼ਿਲ ਤੇ ਖੁਸ਼ਾਮਦ ਮਿਲੀ ਏ
ਵਫ਼ਾ ਨਿਭਾ ਵੀ ਬਣਿਆ ਕਾਤਿਲ
ਦਿਲ ਤੋੜਨ 'ਤੇ ਉਸਨੂੰ ਜਮਾਨਤ ਮਿਲੀ ਏ
ਮੇਰੀ ਸਰਦਲ ਰੰਗ ਜ਼ਰਾ ਨੀ ਭਾਉਂਦੇ
ਉਸਦੀ ਸਰਦਲ ਸਜਾਵਟ ਮਿਲੀ ਏ
ਮੈਨੂੰ ਯਾਦਾਂ, ਹੰਝੂ, ਹਾਵਾਂ, ਰੋਸੇ
ਕੁੱਲ ਜ਼ਿੰਦਗੀ ਦੀ ਅਮਾਨਤ ਮਿਲੀ ਏ
○

## ਹਾਸਾ

ਕੁੱਝ ਕੁ ਹਾਲਾਤਾਂ ਨੇ ਖੋਹ ਲਏ ਹਾਸੇ
ਨਹੀਂ ਤਾਂ ਮੇਰੇ ਜਿੰਨਾ ਕੌਣ ਹੱਸਦਾ ਸੀ
○

## ਲੁੱਟ ਖੋਹ

ਸਭ ਤੋਂ ਸੋਹਣਾ ਸੀ ਤੂੰ,
ਰੱਬ ਤੋਂ ਸੋਹਣਾ ਸੀ ਤੂੰ
ਕਿੰਨਾ ਕੁੱਝ ਸੀ ਦੁਨੀਆਂ 'ਤੇ,
ਲੁੱਟਣ-ਖਰੀਦਣ ਵਾਸਤੇ,
ਕਿਉਂ ਮੇਰਾ ਚੈਨ ਹੀ ਖੋਹਣਾ ਸੀ ਤੂੰ?
○

## ਕਾਸ਼ ਤੇ ਆਸ

ਕਿਸੇ ਦੀ ਕਾਸ਼ ਰਹਿਗੀ
ਕਿਸੇ ਦੀ ਆਸ ਰਹਿਗੀ
ਸਾਰੀ ਜ਼ਿੰਦਗੀ ਖ਼ੁਸ਼ੀਆਂ ਲੱਭਦੀ
ਕਿਸੇ ਦੀ ਲਾਸ਼ ਰਹਿਗੀ

ਲਾਸ਼ ਉੱਤੇ ਲਿਖਿਆ ਨਾ ਕੋਈ ਨਾਵਾਂ ਸੀ
ਤੇ ਨਾ ਹੀ ਕੋਈ ਸਿਰਨਾਵਾਂ ਸੀ
ਜਦ ਗੌਰ ਨਾਲ ਨਿਹਾਰਿਆ ਉਸਨੂੰ
ਉਹ ਤਾਂ ਮੇਰਾ ਹੀ ਪਰਛਾਵਾਂ ਸੀ

## ਆਉਣ ਦੀ ਆਸ

ਖ਼ੈਰ, ਸਮੇਂ ਤੇ ਹਲਾਤਾਂ ਨੇ ਜੋ ਕਰੀ ਸੋ ਕਰੀ,
ਇਸ ਦਿਲ 'ਚੋਂ, ਤੇਰੇ ਆਉਣ ਦੀ ਆਸ ਨਹੀਂ ਮਰੀ।
ਕਿਸ ਤਰ੍ਹਾਂ ਕਰਾਂ ਮੈਂ ਨਸ਼ੇ ਦੀ ਖਿਦਮਤ,
ਖਿਆਲਾਂ ਨੂੰ ਖ਼ੁਮਾਰੀ ਰਹਿੰਦੀ ਜੋ ਚੜ੍ਹੀ।
ਮੁਨਾਸਬ ਗੱਲ ਹੈ ਅਗਰ ਤੂੰ ਸਮਝੇਂ,
ਇਸ਼ਕ ਹੈ ਰੂਹਾਨੀ ਨਜ਼ਰਾਂ 'ਚੋਂ ਪੜ੍ਹੀਂ।
ਜੇ ਨਹੀਂ ਸੀ ਕਰਨਾ ਵਸਲ ਮਾਰੂਥਲ ਨੂੰ,
ਫਿਰ ਦੱਸ ਕਾਹਤੋਂ ਖ਼੍ਵਾਬਾਂ ਵਿੱਚ ਵੜੀ?
ਰੱਬ ਵਾਂਗ ਕਰਦੇ ਆਂ ਤੇਰੀਆਂ ਇਬਾਦਤਾਂ,
ਟੁੱਟੀ ਡੋਰ ਸਾਹਾਂ ਦੀ ਦੁਆ ਵਾਂਗ ਫੜੀ!
ਬਣਾਇਆ ਕੀ ਖ਼ੁਦਾ ਤੈਨੂੰ, ਆ ਗਈਆਂ ਮਗਰੂਰੀਆਂ
ਤੂੰ ਤਾਂ ਕਲ ਖੜਨਾ ਕੀ, ਬੈਠਾ ਵੀ ਨਾ ਘੜੀ!
ਦੇਖੀਂ ਕਿਤੇ ਖੋਲ੍ਹ ਹੀ ਨਾ ਦੇਵੀਂ ਪੰਨੇ ਹਵਾ 'ਚ,
ਤੂੰ ਜੋ ਕਿਤਾਬ ਸਾਡੀ ਜ਼ਿੰਦਗੀ ਦੀ ਫੜੀ!
ਇਹੀ ਹੈ ਖਜ਼ਾਨਾ ਮੇਰਾ ਨਗਮੇ ਜੋ ਲਿਖੇ ਨੇ,
ਲਫਜ਼ਾਂ 'ਚ ਲਿਖਿਆ ਜੋ ਹਾਲ ਤਾਂ ਪੜ੍ਹੀਂ!
ਮੈਂ ਤਾਂ ਪੂਰੀ ਵਾਹ ਲਾਈ ਤੇਰੇ ਪਿੱਛੇ ਮਰਨੇ ਦੀ,
ਕੀ ਮੇਰੇ ਨਾ ਜਿਉਣ ਲਈ ਤੂੰ ਲੇਖਾਂ ਨਾ ਲੜੀ?
ਰੋਜ਼ ਲੈ ਕੇ ਆਉਂਦਾ ਉਸ ਰਾਹ 'ਤੇ ਉਮੀਦ ਨਵੀਂ,
ਸ਼ਾਇਦ ਉਸ ਮੋੜ ਹੋਵੇ ਉਡੀਕਦੀ ਉਹ ਖੜ੍ਹੀ!
ਹੁੰਦਾ ਕੀ ਮਹਿਬੂਬ ਯਾਰ ਵਾਸਤੇ ਜੋ ਜਾਨਣਾ,
ਸਾਰੀਆਂ ਨੂੰ ਛੱਡ 'ਇੱਕ ਪੌੜੀ' ਪਿਆਰ ਦੀ ਚੜ੍ਹੀ!
ਤੇਰੇ ਜਾਣ ਮਗਰੋਂ ਮੈਂ ਜਿਉਂਦਿਆਂ ਹੀ ਮੋ ਗਿਆ,
ਲਾਸ਼ ਮੇਰੀ ਦੇਖ ਬੇਵਫਾ ਨਾ ਡਰੀਂ!
ਉੱਠ ਨਾ ਜਾਵੇ ਦਿਲ ਕਬਰਸਤਾਨ 'ਚੋਂ,
ਇਸ਼ਕ ਹੈ ਆਬਾਦ ਚਾਹੇ ਦੇਖਲੈ ਕਮਾਲ ਸਾਡਾ,
ਮਰ ਕੇ ਵੀ ਤੈਨੂੰ ਜਾਂਦੇ ਯਾਦ ਆਂ ਕਰੀ!

○

# ਆਉ ਚਿੜੀਓ

ਆਉ ਚਿੜੀਓ ਨੀ ਸ਼ੋਰ ਮਚਾਓ
ਕਾਵਾਂ ਨੂੰ ਵੀ ਨਾਲ ਲੈ ਜਾਉ
ਸਹੀਆਂ ਹੋਰ ਨਾ ਜਾਣ ਪੀੜਾਂ
ਮੌਤ ਮੇਰੀ ਦਾ ਗੀਤ ਕੋਈ ਗਾਉ

ਸੂਰਜ ਤੋਂ ਪਹਿਲਾਂ ਖੁੱਲ੍ਹ ਜਾਏ
ਅੱਖ ਮਰਜਾਣੀ ਡੁੱਲ੍ਹ ਜਾਏ
ਉਹਦੀ ਯਾਦ ਸੰਭਾਲੀ ਫਿਰਦੇ ਆਂ
ਜਿਸਨੂੰ ਸਾਡੀ ਯਾਦ ਨਾ ਆਏ

ਨਬਜ਼ਾਂ 'ਚੋਂ ਪੀੜਾਂ ਵਹਿੰਦੀਆਂ ਨੇ
ਵਾਵਾਂ ਉਦਾਸੀਆਂ ਕਹਿੰਦੀਆਂ ਨੇ
ਤੇਰੇ ਫਿੱਕੜੇ ਦਾ ਹੁਣ ਕੀ ਜੀਣਾ
ਉਹਦੇ ਗੂੜ੍ਹੀਆਂ ਚੜ੍ਹੀਆਂ ਮਹਿੰਦੀਆਂ ਨੇ

ਅੱਜ ਉਸ ਦੀ ਡੋਲੀ ਉੱਠਣੀ ਏ
ਜਿੰਦ ਤੜਪ ਤੜਪ ਕੇ ਮੁੱਕਣੀ ਏ
ਤੇਰੇ ਹਿਜਰਾਂ ਦੀ ਧੁੱਪ ਤਿੱਖੀ 'ਚ
ਸਾਹਾਂ ਦੀ ਨਹਿਰ ਵੀ ਸੁੱਕਣੀ ਏ

ਮੇਰੇ ਘਰ ਉੱਤੋਂ ਲੜੀਆਂ ਲਾਹੋ
ਚਾਦਰ ਤੇ ਬਾਲਣ ਲੈ ਆਓ
ਮੈਂ ਆਖਰੀ ਵਾਰ ਉਸਨੂੰ ਵੇਖ ਆਵਾਂ
ਤੁਸੀਂ ਜਾਕੇ ਸ਼ਮਸ਼ਾਨ ਸਜਾਓ
○

## ਸ਼ੋਰ ਖਾਮੋਸ਼ੀ ਦਾ

ਇੰਨਾ ਸ਼ੋਰ ਹੈ ਦਿਲ 'ਚ ਖਾਮੋਸ਼ੀ ਦਾ
ਗੌਲੇ ਆ ਕੇ ਸੁਨਣ ਤਾਂ ਮੁਰੀਦ ਹੋ ਜਾਣ
ਨਹੀਂ ਜਰਦਾ ਦਿਲ ਅਵੱਲੀ ਪੀੜ ਵਿਛੋੜੇ ਦੀ
ਕਾਸ਼ ਇਹ ਅੱਜ ਦੇ ਦਿਨ ਅਤੀਤ ਹੋ ਜਾਣ
ਹੱਲਾ ਮਾਰਿਆ ਰੀਤੀ-ਰਿਵਾਜ਼ਾਂ ਆਲਮ 'ਤੇ
ਖ਼ੁਦਾ ਕਰੇ ਸੁਬ੍ਹਾ ਉੱਠਦਿਆਂ ਸਭ ਕੁਰੀਤ ਹੋ ਜਾਣ
ਡੱਲ ਦਿਮਾਗੀ ਊਚ-ਨੀਚ ਦੀ ਸੋਚ ਟਹਿਲਦੀ ਜੋ
ਇਹ ਮਜ਼ਹਬਾਂ ਦੇ ਕਿੱਸੇ ਸਾਰੇ ਝਰੀਟ ਹੋ ਜਾਣ
ਫਿਰ ਵੀ ਜੋ ਨਹੀਂ ਬਦਲਦੇ ਸੋਚ ਗਰਕੀ ਦੀ
ਅੱਲਾ ਕਰੇ ਉਹ ਸਭਨਾਂ ਦੀਆਂ ਅੱਖਾਂ ਮੀਟ ਹੋ ਜਾਣ

ਦੁਨੀਆਂ ਤੇ ਬਦਲਾਵ ਲਿਆਣਾ ਲਾਜ਼ਮੀ ਹੈ
ਧਰਮਾਂ ਪਿੱਛੇ ਬੰਦਾ ਮਰਵਾਉਣਾ ਸਾਜਸ਼ੀ ਹੈ
ਜੇ ਹੇਕ ਪਿਆਰ ਦੀ ਗਲੀ-ਗਲੀ ਦਿੱਤੀ ਜਾਵੇ
ਦਿਲਾਂ 'ਚ ਬਲ਼ ਪੈਣੀ ਇਸ਼ਕ ਦੀ ਆਤਸ਼ੀ ਹੈ
ਹਕੂਮਤ ਉਹ ਨਹੀਂ ਜੋ ਰਾਜ ਕਰੇ ਦਬਕਾ ਰੱਖਕੇ
ਆਪਣੇ ਲੋਕਾਂ ਦੇ ਮਸਲੇ ਹੱਲ ਕਰਨਾ ਅਤੇ
ਗਰੀਬਾਂ 'ਚ ਬਹਿਕੇ ਦਾਣਾ ਖਾਣਾ ਹੀ ਬਾਦਸ਼ੀ ਹੈ

ਕਿਉਂ ਨਾ ਏਕਤਾ ਦੇ ਮਿਨਾਰ ਖੜ੍ਹੇ ਕਰੀਏ
ਇਹ ਇਨਸਾਨੀਅਤ ਦੇ ਮੈਦਾਨ ਹਰੇ ਕਰੀਏ
ਦਿਲ ਜਿੱਥੇ ਕਰਦਾ ਉਸ ਨਾ ਜਾਕੇ ਜੋੜ ਲਈਏ
ਇਹ ਊਚ ਨੀਚ ਦੇ ਦਿਖਾਵੇ ਪਰ੍ਹੇ ਕਰੀਏ

ਮਿੱਠੇ ਬੋਲ ਬੋਲਕੇ ਤੇ ਈਰਖਾ ਮਨੋਂ ਵਿਸਾਰਕੇ
ਕਿਉਂ ਨਾ ਹੋਰਾਂ ਦੇ ਦਿਲ ਦੀ ਪੌੜੀ ਚੜ੍ਹਿਆ ਕਰੀਏ
ਜੇ ਖ਼ੁਦਾ ਨੇ ਅਸਾਨੂੰ ਜ਼ਿਆਦਾ ਦਿੱਤਾ ਹੈ ਤਾਂ
ਕਿਉਂ ਨਾ ਕਿਸੇ ਬੇਸਹਾਰੇ ਦੀ ਬਾਂਹ ਫੜ੍ਹਿਆ ਕਰੀਏ

ਜੇਕਰ ਵੱਡੇ ਛੋਟੇ ਦਾ ਕਰੇ ਨਾ ਕੋਈ ਮਾਣ
ਤਾਂ ਹਕੂਮਤਾਂ ਸਾਰੀਆਂ ਦੇ ਮੂੰਹ ਭੰਨੇ ਜਾਣ
ਕਰੇ ਨਾ ਕੋਈ ਜਬਰ ਨਾ ਕੋਈ ਲਵੇ ਕਿਸੇ ਦੀ ਜਾਨ
ਤਾਂ ਨਾਨਕ, ਸ਼ਿਵ, ਸਾਈਂ, ਅੱਲਾ ਸਭ ਇੱਕ ਮੰਨੇ ਜਾਣ

ਕਾਸ਼ ਸਾਰੇ ਇੱਕ ਮਿੱਕ ਹੋਕੇ ਇਸਰਾਂ ਰਹੀ ਜਾਣ
ਜਿਵੇਂ ਰਾਤ ਨੂੰ ਰਹਿਣ ਹਨੇਰੇ, ਬੱਦਲ, ਤਾਰੇ ਤੇ ਮਹਿਤਾਬ
ਹਰ ਕੋਈ ਵੰਡੇ ਲੋਅ ਬੁਝੇ ਚਿਰਾਗਾਂ ਨੂੰ
ਹਰ ਕੋਈ ਦੇਵੇ ਨਵੀਂ ਸਵੇਰ ਜਿਉਂ ਦੇਂਦਾ ਏ ਆਫ਼ਤਾਬ

ਜੇ ਹੀਰ ਰਾਂਝੇ ਦਾ ਸਾਕ ਹੋ ਜਾਂਦਾ ਤਾਂ ਵੱਖਰੀ ਲੋਰ ਹੋਣੀ ਸੀ
ਜੇ ਸਾਹਿਬਾ ਨਾ ਮਰਵਾਉਂਦੀ ਯਾਰ ਤਾਂ ਟਿੱਪਣੀ ਹੋਰ ਹੋਣੀ ਸੀ
ਇਸ਼ਕ ਦੀਆਂ ਜੰਗਾਂ ਵਿੱਚ ਆਸ਼ਿਕ ਹੁਣ ਤੱਕ ਹਾਰੇ ਨੇ
ਜਿੱਤ ਜਾਂਦੇ ਜੇ ਪਿਆਰ ਤਾਂ ਦੁਨੀਆਂ ਹੋਰ ਹੋਣੀ ਸੀ

ਇਸ ਦੁਨੀਆਂ ਦੀ ਰੀਤ ਰੱਬਾ ਬਦਲਦੀ ਕਿਉਂ ਨਹੀਂ
ਸੇਬ ਦੇ ਵਾਂਗਰ ਸੋਚ ਭੈੜੀ ਗਲਦੀ ਕਿਉਂ ਨਹੀਂ
ਹਨ੍ਹੇਰੀ ਛਾਈ ਦਿਮਾਗਾਂ 'ਤੇ ਟਲਦੀ ਕਿਉਂ ਨਹੀਂ
ਰੀਤੀ-ਰਿਵਾਜ਼ਾਂ ਦੀ ਧੂੰਨੀ ਰੱਬਾ ਜਲਦੀ ਕਿਉਂ ਨਹੀਂ

ਇੰਨਾ ਸ਼ੋਰ ਹੈ ਦਿਲ 'ਚ ਖਾਮੋਸ਼ੀ ਦਾ
ਰੌਲੇ ਆ ਕੇ ਸੁਨਣ ਤਾਂ ਮੁਰੀਦ ਹੋ ਜਾਣ
ਨਹੀਂ ਜਰਦਾ ਦਿਲ ਅਵੱਲੀ ਪੀੜ ਵਿਛੋੜੇ ਦੀ
ਕਾਸ਼ ਇਹ ਅੱਜ ਦੇ ਦਿਨ ਅਤੀਤ ਹੋ ਜਾਣ
○

## ਫੈਸਲਾ

ਹਾਂ ਮੈਨੂੰ ਛੱਡਣ ਦਾ ਫੈਸਲਾ ਤੇਰਾ ਸਹੀ ਏ
ਮੇਰੇ ਕੋਲੋਂ ਅਖੀਰ ਫਾਂਸਲਾ ਤੇਰਾ ਸਹੀ ਏ
ਇਹ ਵੀ ਤਾਂ ਸੱਚ ਹੈ ਖ਼ੁਦਾ ਵਰਗਿਆ
ਤੇਰੇ ਜਾਣ ਮਗਰੋਂ ਰੋਗ ਲੱਗਣੇ ਕਈ ਏ
ਮੈਂ ਫਿਰ ਵੀ ਕਦੇ ਨਹੀਂ ਰੋਕਾਂਗਾ ਤੈਨੂੰ
ਪਰ ਹਾਂ ਛੱਡਣ ਦਾ ਫੈਸਲਾ ਤੇਰਾ ਸਹੀ ਏ

ਮੰਨਦਾ ਮਾਪਿਆਂ ਰੀਝਾਂ ਨਾਲ ਪਾਲਿਆ ਤੈਨੂੰ
ਜੰਮਣ ਤੋਂ ਲੈ ਹੁਣ ਤੱਕ ਸੰਭਾਲਿਆ ਤੈਨੂੰ
ਮੰਨ ਲਿਆ ਉਹਨਾਂ ਨੂੰ ਆਪਣੀ ਖ਼ੁਸ਼ੀ ਪਿਆਰੀ ਹੈ
ਪਰ ਤੇਰੀ ਖ਼ੁਸ਼ੀ ਵਾਸਤੇ ਉਹ ਜਾਨ ਵੀ ਵਾਰਦੇ ਨੇ
ਫਿਰ ਕਿਉਂ ਨਈਂ ਹੌਂਸਲਾ ਕਰ ਕਹਿੰਦਾ?
ਤੇਰਾ ਅੱਜ ਕੀਤਾ ਹੌਂਸਲਾ ਥੋੜ੍ਹੀ ਤਕਲੀਫ ਤਾਂ ਦਵੇਗਾ
ਪਰ ਸ਼ਰਤ ਹੈ ਇਸ ਤੋਂ ਬਾਅਦ ਜੋ ਸਕੂਨ ਮਿਲਣਾ
ਉਹ ਇਸ ਤੋਂ ਕਿਤੇ ਜ਼ਿਆਦਾ ਮਿਲੇਗਾ
ਤੇ ਉਹ ਵੀ ਖ਼ੁਸ਼ ਹੋਵਣਗੇ ਕਿ ਸਾਡੇ ਬੱਚੇ ਨੇ
ਆਪਣੀ ਜ਼ਿੰਦਗੀ ਦਾ ਫੈਸਲਾ
ਬੜੀ ਸਿਆਣਪ ਨਾਲ ਲਿਆ ਸੀ!!

ਅਗਰ ਤੂੰ ਆਪਣਾ ਆਪ ਕੁਰਬਾਨ ਵੀ ਕਰ ਦੇਵੇਂ
ਪਰ ਤੇਰੀਆਂ ਖ਼ੁਸ਼ੀਆਂ ਦਾ ਕੀ?
ਚੱਲ ਛੱਡ ਮੰਨ ਲਿਆ ਤੂੰ ਆਪਣਾ ਮਨ ਮਾਰ ਲਵੇਂ
ਪਰ ਮੇਰੀਆਂ ਖ਼ੁਸ਼ੀਆਂ ਦਾ ਕੀ?
ਉਹਨਾਂ ਲਈ ਆਪਣੀਆਂ ਖ਼ੁਸ਼ੀਆਂ ਦਾ ਗਲਾ ਘੁੱਟ ਦੇਣਾ

ਕੀ ਇਹ ਸਹੀ ਏ?
ਬੱਚਿਆਂ ਵਾਂਗਰ ਪਾਲੇ ਸੁਫਨਿਆਂ ਦਾ ਕਤਲ ਕਰ ਦੇਣਾ
ਕੀ ਇਹ ਸਹੀ ਏ?

ਅਗਰ ਸਮੁੰਦਰ ਲਹਿਰ ਨੂੰ ਆਖੇ ਕਿ ਕਿਨਾਰੇ ਨੂੰ ਮਿਲਣਾ
ਤੇ ਉਸ ਕੋਲ ਜਾਣਾ ਸਦਾ ਵਾਸਤੇ ਬੰਦ ਕਰਦੇ
ਤਾਂ ਕੀ ਲਹਿਰ ਉਸਦੀ ਗੱਲ ਮੰਨੇਗੀ ਜਾਂ ਉਸ ਨੂੰ ਸਮਝਾਵੇਗੀ
ਕਿ ਇਹ ਤਾਂ ਕੁਦਰਤੀ ਹੈ ਮੈਨੂੰ ਉਸ ਕੋਲ ਜਾਣਾ ਹੀ ਪੈਣਾ
ਮੇਰਾ ਤੇ ਉਸਦਾ ਮਿਲਣਾ ਤਹਿ ਹੈ।
ਜਾਂ ਕਹਿਲਾ ਕਿ ਅਗਰ ਸੂਰਜ ਨੂੰ ਚੰਨ ਕਹੇ ਕਿ
ਇੰਨਾ ਖਿਝਿਆ ਨਾ ਕਰ ਜਾਂ ਇੰਨਾ ਤਪਿਆ ਨਾ ਕਰ
ਤਾਂ ਕੀ ਸੂਰਜ ਉਸਦੇ ਕਹਿਣ 'ਤੇ ਘੱਟ ਤਪੇਗਾ?
ਜਾਂ ਤੇਰੇ ਦਿਲ ਨੂੰ ਕੋਈ ਕਹੇ ਕਿ ਤੂੰ ਇਸ਼ਕ ਕਰਨਾ ਛੱਡਦੇ
ਤੇ ਜਿਸ ਨਾਲ ਮੈਂ ਕਹਾਂ ਉਸ ਨਾਲ ਪਿਆਰ ਕਰ
ਕੀ ਤੂੰ ਉਸਦੀਆ ਮੰਨ ਕੇ ਮੈਨੂੰ ਭੁੱਲ ਜਾਵੇਂਗਾ?

ਛੱਡ ਯਾਰ ਇਹ ਤਾਂ ਬੱਸ ਮੇਰੇ ਦਿਲ ਦੀਆਂ ਗੱਲਾਂ ਹੀ ਨੇ
ਪਾਗਲ ਸ਼ਾਇਰ ਦੀਆਂ ਫਜ਼ੂਲ ਗੱਲਾਂ ਤੇ ਮਾਮੂਲੀ ਸੋਚ!!
ਤੂੰ ਸੋਚਦਾ ਹੋਣਾ ਇਹ ਸੂਰਜ, ਸਮੁੰਦਰ, ਕਿਨਾਰੇ, ਲਹਿਰਾਂ
ਇਹ ਸਭ ਗੱਲਾਂ 'ਚ ਤੇ ਅਸਲ ਜ਼ਿੰਦਗੀ 'ਚ ਬਹੁਤ ਫਰਕ ਹੁੰਦਾ
ਪਰ ਅਸਲ ਸੱਚ ਤਾਂ ਇਹ ਹੈ ਕਿ ਅਸੀਂ ਕੁਦਰਤ ਤੋਂ ਹੀ ਬਣੇ ਹਾਂ
ਤੇ ਕੁਦਰਤ ਨੇ ਹੀ ਸਾਨੂੰ ਸਭ ਕੁੱਝ ਦਿੱਤਾ ਹੈ।

ਮੈਂ ਤੈਨੂੰ ਨਹੀਂ ਕਹਿੰਦਾ ਕਿ ਮੇਰੇ ਹੱਕ 'ਚ ਗਵਾਹੀ ਦੇ
ਕੋਈ ਨਾ ਤੂੰ ਦੋਹਾਂ ਦੀ ਜ਼ਿੰਦਗੀ ਨੂੰ ਤਬਾਹੀ ਦੇ
ਮਜ਼ਬੂਰੀਆਂ ਵੀ ਕਿਆ ਕਮਾਲ ਦੀ ਚੀਜ਼ ਹੁੰਦੀਆ ਨੇ
ਦੋਹਾਂ ਦੇ ਹੱਸਦੇ ਖੇਡਦੇ ਦਿਲਾਂ ਨੂੰ ਦੁਹਾਈ ਦੇ
ਲਿਆ ਮੈਂ ਆਪਣੇ ਵਿਛੋੜੇ ਦੀ ਤਰੀਕ ਲਿਖ ਦੇਵਾਂ
ਮੈਨੂੰ ਪੱਕੀ ਪੈਂਸਲ ਦੀ ਕਿਤੋਂ ਲਿਆ ਕੇ ਸਿਆਹੀ ਦੇ।

ਤੂੰ ਤਾਂ ਕਹਿਤਾ ਕਿ ਆਥਰ ਜੋ ਘਰਦੇ ਕਹਿਣਗੇ ਉਹੀ ਹੋਣੈ!!
ਤੇਰੇ ਇਹ ਲਫਜ਼ਾਂ ਦਾ ਭਾਰ ਇੰਨਾ ਜ਼ਿਆਦਾ ਸੀ
ਕਿ ਇਹਨਾਂ ਨੇ ਮੇਰੀ ਅੱਖ ਦੀ ਨੀਂਦਰ ਖੋਹ ਰੱਖੀ ਏ
ਹਾਂ ਤੇਰੇ ਦਿਲ 'ਤੇ ਵੀ ਭਾਰ ਬਹੁਤ ਹੋਣੈ ਜਦ ਤੂੰ ਆਖਿਆ
ਹੋ ਸਕਦਾ ਤੈਨੂੰ ਵੀ ਨੀਂਦਰ ਨਾ ਆਉਂਦੀ ਹੋਵੇ
ਪਰ ਇਹ ਸਜ਼ਾ ਆਪਾਂ ਦੋਵੇਂ ਹੀ ਕਿਉਂ ਭੁਗਤ ਰਹੇ ਹਾਂ?

ਆਪਾਂ ਜ਼ੋਰ ਲਗਾ ਕੇ ਇੱਕ ਵੀ ਤਾਂ ਹੋ ਸਕਦੇ ਹਾਂ
ਅਗਰ ਚਾਹੀਏ ਇੱਕੋ ਤਕਦੀਰ ਵੀ ਲਿਖ ਸਕਦੇ ਹਾਂ
ਆਪਾਂ ਯਾਦਗਾਰੀ ਤਸਵੀਰ ਵੀ ਤਾਂ ਖਿੱਚ ਸਕਦੇ ਹਾਂ
ਇਹ ਦੱਸ, ਕੀ ਆਪਾਂ ਇੱਕ ਦੂਸਰੇ ਬਿਨਾਂ ਟਿਕ ਸਕਦੇ ਹਾਂ?

ਕਿਸੇ ਅੱਗੇ ਆਪਣੀ ਜ਼ਿੱਦ ਜਾਂ ਗੱਲ ਰੱਖਣੀ
ਇਹਦਾ ਮਤਲਬ ਇਹ ਨਹੀਂ ਕਿ ਤੁਸੀਂ ਖਿਲਾਫ਼ ਜਾ ਰਹੇ ਹੋ
ਕੋਈ ਤੁਹਾਨੂੰ ਜ਼ਬਰਦਸਤੀ ਕਿਸੇ ਚੀਜ਼ ਲਈ ਮਨਾਵੇ
ਕਿਸੇ ਅਪਰਾਧ ਤੋਂ ਘੱਟ ਨਹੀਂ ਹੁੰਦਾ
ਖ਼ੁਦ ਨਾਲ ਇਨਸਾਫ਼ ਨਾ ਕਰ ਸਕੇ ਤਾਂ ਕਿਸੇ ਨਾਲ ਕੀ ਕਰੋਗੇ?

ਅਕਸਰ ਪੁੱਛਦਾ ਰਹਿੰਦੈ ਕਿ ਤੂੰ ਸੌਂਦਾ ਕਿਉਂ ਨਹੀਂ
ਸੌਣ ਵਾਸਤੇ ਸਕੂਨ ਜ਼ਰੂਰੀ ਹੁੰਦਾ ਯਾਰਾ
ਜੋ ਕਿ ਮੈਨੂੰ ਤੇਰਾ ਮੁੱਖ ਵੇਖਣ ਤੋਂ ਬਾਦ ਮਿਲਦਾ ਏ
ਕਾਸ਼ ਤੇਰਾ ਮੁੱਖ ਵੇਖਣ 'ਤੇ ਜੋ ਦਿਲ 'ਚ ਠੰਡਕ ਪੈਂਦੀ ਏ
ਉਸ ਠੰਡਕ ਵਾਸਤੇ ਵੀ ਕੋਈ ਲਫਜ਼ ਹੁੰਦਾ
ਤੇ ਮੈਂ ਦਿਲ ਖੋਲ੍ਹ ਕੇ ਬਿਆਨ ਕਰ ਸਕਦਾ ਕਿ
ਮੈਨੂੰ ਕੀ ਮਹਿਸੂਸ ਹੁੰਦਾ ਜਦ ਤੂੰ ਅੱਖਾਂ ਸਾਵੇਂ ਹੁੰਦੈਂ।
ਰਹੀ ਗੱਲ ਨੀਂਦ ਦੀ! ਕਿੱਥੋਂ ਆਵੇ ਨੀਂਦਰ
ਜਦ ਪਤਾ ਹੋਵੇ ਕਿ ਤੂੰ ਕੋਲ ਹੋ ਕੇ ਵੀ ਜੁਦਾ ਏਂ
ਜੋ ਮੈਨੂੰ ਤੂੰ ਨਾ ਮਿਲਿਆ ਤਾਂ ਮੇਰਾ ਉਹ ਦੁਸ਼ਮਣ ਬਣਜੂ
ਜੋ ਤੇਰੇ ਵਾਸਤੇ ਤੇਰੀਆਂ ਅੱਖਾਂ 'ਚ ਖ਼ੁਦਾ ਏ

ਕੋਈ ਗੁਨਾਹ ਨਹੀਂ ਕੀਤਾ ਆਪਾਂ ਪਿਆਰ ਕੀਤਾ ਏ
ਇੱਕ ਦੂਜੇ ਤੇ ਸਭ ਤੋਂ ਜ਼ਿਆਦਾ ਇਤਬਾਰ ਕੀਤਾ ਏ
ਸੁੱਖਾਂ ਦੁੱਖਾਂ ਦਾ ਹਰ ਇੱਕ ਘੁੱਟ ਵੰਡ ਨਾਲ ਪੀਤਾ ਏ
ਫ਼ੇਰ ਕੀ ਫਾਇਦਾ ਮੇਰਾ ਇਹ ਸਭ ਕੁੱਝ ਕਹਿਣ ਦਾ
ਆਪਣਾ ਫੈਸਲਾ ਤਾਂ ਤੂੰ ਆਖ਼ਰ ਸੁਣਾ ਹੀ ਲੀਤਾ ਏ!!
ਹਾਂ ਮੈਨੂੰ ਛੱਡਣ ਦਾ ਫੈਸਲਾ ਤੇਰਾ ਸਹੀ ਏ
ਮੇਰੇ ਕੋਲੋਂ ਆਖ਼ਰ ਫਾਂਸਲਾ ਤੇਰਾ ਸਹੀ ਏ
ਇਹ ਵੀ ਤਾਂ ਸੱਚ ਹੈ ਖ਼ੁਦਾ ਵਰਗਿਆ
ਤੇਰੇ ਜਾਣ ਮਗਰੋਂ ਰੋਗ ਲੱਗਣੇ ਕਈ ਏ
ਮੈਂ ਫਿਰ ਵੀ ਕਦੇ ਰੋਕਾਂਗਾ ਨਹੀਂ ਤੈਨੂੰ
ਪਰ ਹਾਂ ਛੱਡਣ ਦਾ ਫੈਸਲਾ ਤੇਰਾ ਸਹੀ ਏ
○

## ਅੱਖ ਦੀ ਲਾਲੀ

ਅਸੀਂ ਜੋਬਨ ਦੀ ਰੁੱਤ ਮਾਣ ਰਹੇ ਸੀ,
ਅਚਾਨਕ ਬਿਰਹਾ ਦੀ ਹਨੇਰੀ ਕਿੱਥੋਂ ਛਾ ਗਈ ਏ!
ਬੜੀ ਰੌਣਕ ਸੀ ਜ਼ਿੰਦਗੀ ਦੇ ਰੁੱਖ ਉੱਤੇ,
ਵਸਲਾਂ ਦੀ ਟਾਹਣੀ ਦੇ ਇਹ ਸਾਰੇ ਪੱਤੇ ਖਾ ਗਈ ਏ!
ਉੱਡ ਗਿਆ ਹਰ ਨੂਰ ਇਹ ਨੂਰੀ ਮੁੱਖੜੇ ਤੋਂ,
ਸਾਡੇ ਸਜਣ ਫੱਬਣ ਦੀਆਂ ਰੀਝਾਂ, ਸੁਫ਼ਨੇ ਢਾਹ ਗਈ ਏ!
ਕੀ ਦੱਸੀਏ ਹੁਣ ਕਿੱਸਾ ਗੱਲ੍ਹਾਂ ਦੀ ਲਾਲੀ ਦਾ,
ਰੋ ਰੋ ਕੇ ਇਹ ਅੱਖਾਂ ਦੇ ਵਿੱਚ ਆ ਗਈ ਏ!

○

## ਤੇਰੀ ਦੇਣ

ਮੇਰੀ ਲਿਖੀ ਕਿਤਾਬ ਤੇਰੀ ਹੀ ਦੇਣ ਹੈ
ਇਹ ਲਫਜ਼ ਤੈਥੋਂ ਹੀ ਉਧਾਰੇ ਲਏ ਨੇ
ਸ਼ਿਅਰ ਸਾਰੇ ਅਸਰਦਾਰ ਕਰਨ ਲਈ
ਤੇਰੀਆਂ ਯਾਦਾਂ ਕੋਲੋਂ ਸਹਾਰੇ ਲਏ ਨੇ
ਉਂਝ ਸਾਨੂੰ ਕਿੱਥੇ ਕੁੱਝ ਫੁਰਦਾ ਸੀ
ਦਿਮਾਗ ਡੱਲ ਸਾਡਾ ਨਿਕੰਮਿਆ ਦਾ
ਅਸੀਂ ਗੀਤ ਚੰਨ 'ਤੇ ਬਣਾਉਣ ਲਈ
ਅਸਮਾਨ ਤੋਂ ਮੰਗ ਕੇ ਤਾਰੇ ਲਏ ਨੇ
ਕੋਈ ਇੱਕ ਅੱਧਾ ਸੁੱਖ ਹੀ ਦੇ ਜਾਂਦਾ
ਤੇਰੇ ਹਿੱਸੇ ਦੇ ਗਮ ਅਸੀਂ ਸਾਰੇ ਲਏ ਨੇ
ooo

**ਮਿਲਾਂਗੇ ਜ਼ਰੂਰ**

ਕਦੇ ਖ਼੍ਵਾਬਾਂ 'ਚ ਕਦੇ ਖਿਆਲਾਂ 'ਚ
ਕਦੇ ਹਾੜ੍ਹ 'ਚ ਕਦੇ ਸਿਆਲਾਂ 'ਚ
ਕਦੇ ਹਾਲਾਂ 'ਚ ਕਦੇ ਬੇਹਾਲਾਂ 'ਚ
ਕਦੇ ਜਵਾਬਾਂ 'ਚ ਕਦੇ ਸਵਾਲਾਂ 'ਚ
ਕਦੇ ਪਾਣੀਆਂ 'ਚ ਕਦੇ ਤੂਫਾਨਾਂ 'ਚ
ਕਦੇ ਰਾਹਵਾਂ 'ਚ ਜਾਂ ਸ਼ਮਸ਼ਾਨਾਂ 'ਚ
ਇੱਕ ਨਾ ਇੱਕ ਦਿਨ
ਕਿਸੇ ਆਨੇ ਬਹਾਨੇ
ਮਿਲਾਂਗੇ ਜ਼ਰੂਰ.....

5th Edition, April 2023

₹ 295/-

ISBN 817982430-6

**TARKBHARTI PARKASHAN**
Purani Sabji Mandi, K. C. Road,
Barnala-148101 (Pb.)
Ph. 01679-233244, 241744
Email ; tarkbharti01@gmail.com